SATJUG
1920 ਤੋਂ
ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

ਹਾੜ-ਸਾਉਣ ੨੦੭੫
ਵੀਰਵਾਰ
12-18July 2018

ਜਿਲਦ 26
ਨੰਬਰ 12-13
Total Pages 40

ਕਿਸੇ ਏਤਨਾ ਅਨਖ ਦਾ ਜਾਪ ਕੀਤਾ, ਅੰਗ ਅੰਗ ਦੀ ਮਾਲਾ ਫਿਰਾ ਦਿੱਤੀ।
ਕਿਸੇ ਸਿਦਕ ਸ਼ਹੀਦੀ ਦੀ ਯਾਦ ਅੰਦਰ, ਮੌਤ ਦਿਲ ਤੋਂ ਉੱਕੀ ਭੁਲਾ ਦਿੱਤੀ।



ਤੂੰ ਆਖੇਂ ਟੁਕੜੇ ਦਾ ਨੌਕਰ, ਮਾਲਿਕ ਹੁਕਮ ਮਨਾਂਦਾ ਹਾਂ।
ਮੈਂ ਜੀਵਨ ਦਾ ਮਾਂਗਤ ਜਿਸਦਾ, ਤਿਸਨੂੰ ਪਿਆ ਰਿਝਾਂਦਾ ਹਾਂ।
ਤੇਰੀ ਤਲਬ ਰੁਪਈਏ, ਆਪਾਂ ਜੀਵਨ ਪਦਵੀ ਪਾਵਾਂਗੇ।
ਸੁਣ ਕਾਤਿਲ, ਆਪਾਂ ਰਲ ਮਿਲ ਦੋਵੇਂ, ਅਜਬ ਤਮਾਸ਼ਾ ਲਾਵਾਂਗੇ।

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਥਾਈਲੈਂਡ ਵਿਖੇ ਮਾਤਾ ਬੇਅੰਤ ਕੌਰ ਜੀ w/o ਮਹਿੰਦਰ ਸਿੰਘ (ਪ੍ਰੀਤ ਜੀ) ਦੇ ਭੋਗ ਸਮੇਂ ਦਰਸ਼ਨ ਦਿੰਦੇ ਹੋਏ -(ਰਿਪੋਰਟ ਪੰਨਾ 38 ਤੇ)



ਸ੍ਰੀ ਸਤਿਗੁਰੂ ਜੀ ਵਿਰਾਟ ਸੰਤ ਸਮਾਰੋਹ ਦੁਰਾਨ ਪ੍ਰਵਚਨ ਕਰਦੇ ਹੋਏ ਅਤੇ ਸ੍ਰੀ ਮਹੰਤ ਨਿਤਿਆ ਗੋਪਾਲ ਦਾਸ ਜੀ ਸ੍ਰੀ ਸਤਿਗੁਰੂ ਜੀ ਨੂੰ ਸਤਿਕਾਰ ਭੇਟ ਕਰਦੇ ਹੋਏ (ਰਿਪੋਰਟ ਪੰਨਾ 37 ਤੇ)

# ਸਤਿਜੁਗ

੨੧ ਹਾੜ ਤੋਂ ੩ ਸਾਉਣ, ੨੦੭੫ ਬਿ.
12 ਤੋਂ 18 ਜੁਲਾਈ 2018 ਈ:
ਜਿਲਦ 26,ਵੀਰਵਾਰ ਨੰਬਰ 12-13



**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
satjugweekly@gmail.com
Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 11-07-2018,**
**Date of Posting: 12-13 July 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98554-46711, 70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ ਜੀ................................5
* ਸੰਪਾਦਕੀ--
ਸੇਵਕ ਹਰਪਾਲ ਸਿੰਘ...........................................6
* ਹਸਤ ਲਿਖਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.......................8
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ...............................9
* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ...........................9
* ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ..................................11
*ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ .......ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ..................13
* ਰੁਦ੍ਰ ਅਵਤਾਰ:ਦੱਤਾ ਤ੍ਰੇਯ
ਮਾਸਟਰ ਦਰਸ਼ਨ ਸਿੰਘ ਜੀ...........................16
* ਸ਼ਹੀਦ ਭਾਈ ਤਾਰੂ ਸਿੰਘ
ਸੰਤ ਨਿਸ਼ਾਨ ਸਿੰਘ .........................................18
* ਸੀਸੁ ਦੀਆ ਪਰ ਸੀ ਨ ਉਚਰੀ
ਗੁਰਲਾਲ ਸਿੰਘ..................................21
* ਭਾਸ਼ਾ ਬਚਦੀ ਹੈ ਸਦਾ ਕਿਸੇ ਮਹਾਂ ..
ਸੁਰਜੀਤ ਪਾਤਰ.................................22
* ਮਾਂ-ਬੋਲੀ ਵਿੱਚ ਮੁਢਲੀ ਪੜ੍ਹਾਈ
ਡਾ.ਹਰਸ਼ਿੰਦਰ ਕੌਰ..................................24
* ਮਾਂ ਬੋਲੀ ਅਤੇ ਸੰਪਰਕ ਭਾਸ਼ਾ
ਕੁਲਦੀਪ ਨਈਅਰ.............................26
* ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦ
ਸਿਰਦਾਰ ਕਪੂਰ ਸਿੰਘ.........................28

# ਤਤਕਰਾ


* ਪੰਜਾਬੀ ਬੋਲੀ
ਕਰਮ ਸਿੰਘ ਬਾਲਮ ..........29

* ਭਾਈ ਤਾਰੂ ਸਿੰਘ ਜੀ (ਕਵਿਤਾ)
ਕਰਤਾਰ ਸਿੰਘ ਬਲੱਗਣ ..........30

* ਮਾਂ ਬੋਲੀ ਬਾਰੇ ਕਵਿਤਾ. ..........31

* ਭਾਈ ਮਨੀ ਸਿੰਘ ਜੀ
ਈਸ਼ਰ ਸਿੰਘ ..........32

* ਸੁੱਚੇ ਮੋਤੀ ..........33

* ਬਾਲ ਸੰਦੇਸ਼ ..........34

* Inspiration of Martyrdom
Aala Singh. ..........35

*ਖਬਰਨਾਮਾ. ..........37


**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ**
**ਨਾ ਮਰਿਯਾਦਾ ਵਿੱਚ ਆਉਂਦਾ ਹੈ**
**ਫਿਰ ਕਿਉਂ ਖਾਧਾ ਜਾਏ।**

**ਸਤਿਜੁਗ ਆਪ ਪੜ੍ਹੋ, ਤੇ ਬੱਚਿਆਂ ਨੂੰ ਪੜ੍ਹਾਓ।**

# ਗੁਰਬਾਣੀ ਵੀਚਾਰ

**ਬਾਰਾਂ ਮਾਹ**

ਮਾਝ ਮਹਲਾ ੫
ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਤ ਇਹ ਪਾਵਨ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਰਹ ਮਾਹਾ ਰਾਗ ਮਾਝ ਮ:5 ਦੇ ਸਿਰਲੇਖ ਹੇਠ ਦਰਜ ਹੈ । ਇਸ ਪਾਵਨ ਸ਼ਬਦ ਵਿੱਚ ਸਤਿਗੁਰੂ ਜੀ ਪ੍ਰਭੂ ਮਿਲਾਪ ਕਰ ਚੁੱਕੀਆਂ ਰੂਹਾਂ ਦੇ ਅਨੰਦ ਦਾ ਵਰਨਣ ਕਰਦੇ ਹੋਏ ,ਉਨ੍ਹਾਂ ਦੀ ਜੀਵਨ-ਸ਼ੈਲੀ ਬਾਰੇ ਦੱਸਿਆ ਕਿ ਜੀਵ ਰੂਪੀ ਇਸਤ੍ਰੀ ਨੂੰ ਹਰੀ-ਕੰਤ ਨਾਲ ਮਿਲਣ ਵਾਸਤੇ ਗਾਡੀਰਾਹ ਦਰਸਾ ਰਹੇ ਹਨ ।

ਸਾਵਣ ਮਹੀਨਾ ਵਰਖਾ ਰੁੱਤ ਦਾ ਸੁਹਾਵਣਾ ਮਹੀਨਾ ਹੁੰਦਾ ਹੈ । ਪਰ ਇਹ ਸੋਭਨੀਕ ਉਨ੍ਹਾ ਵਾਸਤੇ ਹੀ ਹੁੰਦਾ ਹੈ ਜਿਨ੍ਹਾ ਦਾ ਪ੍ਰੀਤਮ ਪਿਆਰਾ ਉਹਨਾਂ ਦੇ ਕੋਲ ਹੋਵੇ ।ਭਾਵੇਂ ਇਸ ਮਹੀਨੇ ਵਿੱਚ ਅਤਿ ਦੀ ਗਰਮੀ ਵਿੱਚ ਠੰਡਕ ਦਾ ਅਜੀਬ ਜਿਹਾ ਅਹਿਸਾਸ ਪ੍ਰਾਪਤ ਹੁੰਦਾ ਹੈ ,ਪਰੰਤੂ ਵਿਜੋਗਣ ਇਸਤ੍ਰੀਆਂ ਨੂੰ ਸੁੱਖ – ਸਕੂਨ ਕਿਥੇ ।ਉਨਾਂ ਨੂੰ ਤਾਂ ਸਾਰੀਆਂ ਸੁੱਖ- ਸਹੂਲਤਾਂ ਸਗੋਂ ਡਰਾਉਣੀਆਂ ਅਤੇ ਦੁਖਦਾਈ ਪ੍ਰਤੀਤ ਹੁੰਦੀਆਂ ਹਨ ।ਜਿਵੇਂ ਗੁਰ ਫੁਰਮਾਣ ਹੈ ਕਿ :"ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ।

ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥

ਇਸੇ ਤਰ੍ਹਾਂ ਪ੍ਰਭੂ ਤੋਂ ਵਿਛੜੀਆਂ ਰੂਹਾਂ ਨੂੰ ਸੁਖ ਦੀ ਪ੍ਰਾਪਤੀ ਕਿਤੇ ਵੀ ਨਹੀਂ ਹੋ ਸਕਦੀ। ਇਸ ਲਈ ਸਾਹਿਬ ਫੁਰਮਾਂਉਂਦੇ ਹਨ ਸਾਵਣ ਰੂਪੀ ਮਨੁਖਾ ਜਨਮ ਵਿੱਚ ਇਕਾਗ੍ਰਤਾ ਦੇ ਰਸ ਵਿੱਚ ਲੀਨ ਹੋਈ ਹੋਈ ਓਹੋ ਜੀਵ ਇਸਤ੍ਰੀ ਅਨੰਦ ਅਤੇ ਖੇੜੇ ਵਿੱਚ ਰਹਿੰਦੀ ਹੈ।ਜਿਸ ਦਾ ਗੁਰੂ ਜੀ ਦੇ ਚਰਨ-ਕਵਲਾਂ ਨਾਲ ਪੂਰਨ ਪ੍ਰੇਮ ਬਣ ਗਿਆ ਹੈ।ਉਸਦੀ ਦੇਹੀ ਅਤੇ ਆਤਮਾ ਦੋਵੈਂ ਹੀ ਪ੍ਰਭੂ ਪਿਆਰ ਦੀ ਮਜੀਠੀ ਰੰਗਣ ਵਿੱਚ ਰੰਗੀਆਂ ਗਈਆਂ ਹਨ।ਸੰਸਾਰ ਦੇ ਸਾਰੇ ਸਾਧਨ,ਦੁਨਿਆਵੀ ਨਾਤੇ ਅਤੇ ਯਤਨਾਂ ਨੂੰ ਤਿਆਗ ਇੱਕ ਨਾਮ ਦਾ ਹੀ ਆਸਰਾ ਧਾਰਨ ਕੀਤਾ ਹੈ।ਮਾਇਆ ਅਥਵਾ ਵਿਸ਼ਿਆਂ ਦੇ ਸਾਰੇ ਸੁੱਖ ਉਸਨੂੰ ਝੂਠੇ ਨਾਸ਼ਵਾਨ ਪ੍ਰਤੀਤ ਹੁੰਦੇ ਹਨ।ਇਸ ਲਈ ਉਸਦਾ ਮਨ ਵਿਸ਼ੇ ਵਿਕਾਰਾਂ ਪਿੱਛੇ ਨਹੀਂ ਦੋੜਦਾ।ਕਿਉਂਕਿ ਅੰਮ੍ਰਿਤ ਵੀ ਇੱਕ ਰਸ ਧਾਰਾ ਨੂੰ ਛੱਡ ਕੇ ਕੋਈ ਅਲਪ-ਕਾਲੀਨ ਅਤੇ ਆਤਮਿਕ ਜੀਵਨ ਲਈ ਮਾਰੂ ਵਿਸ਼ੇ-ਸੁੱਖ ਨੂੰ ਕਿਉਂ ਭੋਗੇ।ਪਾਪਾਂ ਦਾ ਨਾਸ਼ ਕਰਕੇ,ਮਨ ਤਨ ਨੂੰ ਪ੍ਰਫੁਲਿਤ ਕਰਨ ਵਾਲੀ ਉਹ ਅੰਮ੍ਰਿਤ ਬੂੰਦ ਚੰਗੀ ਲੱਗਣ ਲੱਗ ਪਈ।ਪਰ ਸਤਿਗੁਰੂ ਨਾਲ ਮਿਲ ਕੇ ਹੀ ਐਸੀ ਬੂੰਦ ਨੂੰ ਪੀਣ ਦੇ ਯੋਗ ਹੋਈਦਾ ਹੈ।ਭਾਵ ਐਸੀ ਅਵਸਥਾ ਉਸਨੂੰ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੋਈ ਹੈ।ਹੁਣ ਸਾਰਾ ਆਲਾ-ਦੁਆਲਾ ਸਾਰਾ ਜਗਤ ਪ੍ਰਭੂ ਪਿਆਰ ਨਾਲ ਖਿੜਿਆ-ਖਿੜਿਆ ਅਤੇ ਆਨੰਦ-ਭਰਪੂਰ ਮਹਿਸੂਸ ਹੁੰਦਾ ਹੈ ਅਤੇ ਚਾਰੇ ਪਾਸੇ ਸਰਬ-ਕਲਾ ਸਮਰੱਥ ਅਤੇ ਬੇਅੰਤ ਪ੍ਰਭੂ ਦਾ ਦੀਦਾਰ ਹੁੰਦਾ ਹੈ। ਇਸਦਾ ਕਾਰਣ ਇਹ ਹੈ ਇਸ ਸਾਰੇ ਖੇੜੇ ਦਾ ਕਰਤਾ ਉਹ ਆਪਣੇ ਹਰੀ ਕੰਤ ਨੂੰ ਸਮਝਦੀ ਹੈ।ਇਕ ਵਿਛੁੜੀ ਹੋਈ ਜੀਵ ਇਸਤਰੀ ਜਦੋਂ ਉਸ ਨੂੰ ਐਸੇ ਵਿਗਾਸ ਵਿੱਚ ਲੀਨ ਤੱਕਦੀ ਹੈ ਤਾਂ ਉਸਦੇ ਅੰਦਰ ਵੀ ਮਿਲਣ ਦੀ ਤੀਬਰ ਲਾਲਸਾ ਪੈਦਾ ਹੋ ਉਠਦੀ ਹੈ।ਪਰ ਇਹ ਵਸਲ ਕਿਸੇ ਜੀਵ ਦੇ ਆਪਣੇ ਵੱਸ ਵਿੱਚ ਨਹੀਂ ਹੁੰਦਾ।ਇਹ ਤਾਂ ਪ੍ਰਭੂ ਦੀ ਬਖਸ਼ਿਸ਼ ਤੇ ਨਿਰਭਰ ਹੈ ਕਿ ਉਹ ਕਿਸ ਨੂੰ ਦਇਆ ਕਰਕੇ ਮਿਲਾ ਲਵੇ।ਉਹਨਾਂ ਗੁਰਮੁੱਖ ਸਖੀਆਂ ਤੋਂ,ਜਿਨਾ ਨੂੰ ਏ ਮਿਲਾਪ ਦਾ ਅਵਸਰ ਪ੍ਰਾਪਤ ਹੋ ਗਿਆ ਹੈ,ਸਤਿਗੁਰੂ ਜੀ ਸੈਂਕੜੇ ਵਾਰ ਸਦਕੇ ਜਾਂਦੇ ਹਨ।ਆਉ ਆਪਾਂ ਵੀ ਐਸੇ ਸਰਬ-ਗੁਣ ਸੰਪੰਨ ਪ੍ਰਭੂ ਦੇ ਚਰਨਾ ਵਿੱਚ ਤਰਲਾ ਲਈਏ ਕਿ ਉਹ ਸਾਡੇ ਔਗਣ ਨਾ ਚਿਤਾਰਦਾ ਹੋਇਆ ਸਾਡੇ ਤੇ ਤਰਸ ਕਰਕੇ ਆਪਣੇ ਨਾਲ ਮਿਲਾ ਲਵੇ,ਕਿਉਂਕਿ ਸਾਡੇ ਸਾਰੇ ਯਤਨ ਅਤੇ ਸਾਧਨ ਉਸ ਤੱਕ ਪਹੁੰਚਣ ਲਈ ਅਤੀ ਛੋਟੇ ਹਨ।ਉਹ ਆਪ ਹੀ ਜੀਵ ਨੂੰ ਗੁਰੂ-ਉਪਦੇਸ ਦੁਆਰਾ ਮਿਲਾ ਸਕਦਾ ਹੈ।ਸਾਵਣ ਦਾ ਮਹੀਨਾ ਉਹਨਾਂ ਸੁਭਾਗੀਆਂ ਜੀਵ-ਇਸਤ੍ਰੀਆਂ ਲਈ ਸਫਲਾ ਹੈ,ਜਿਨ੍ਹਾਂ ਨੇ ਆਪਣੇ ਹਿਰਦੇ ਰੁਪੀ ਗਲੇ ਵਿੱਚ ਰਾਮ ਨਾਮ ਦਾ ਅਮੋਲਕ ਹਾਰ ਪਹਿਨਿਆ ਹੋਇਆ ਹੈ।

**-ਸੰਤ ਨਿਸ਼ਾਨ ਸਿੰਘ ਜੀ**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 12-13

੨੧ ਹਾੜ ਤੋਂ ੩ ਸਾਉਣ ੨੦੭੫ ਬ੍ਰਿ: 12 to 18 July 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

# ਪ੍ਰੇਮ ਖੇਲਨ ਕਾ ਚਾਉ

ਸ੍ਰਿਸ਼ਟੀ ਦੀ ਸਮੁੱਚੀ ਰਚਨਾ ਅਕਾਲ ਪੁਰਖ ਦੀ ਖੇਡ ਹੀ ਹੈ। ਕਰਨਹਾਰ ਦਾ ਰਚਿਆ ਤਮਾਸ਼ਾ ਹੀ ਹੈ। ਸਾਹਿਬ ਕਲਗੀਧਰ ਦਾ ਫੁਰਮਾਨ ਹੈ-

ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨ ਆਇਓ ਜਗਤ ਤਮਾਸਾ॥

ਇਸ ਜਗਤ ਤਮਾਸ਼ੇ ਦੀ ਖੇਡ ਵਿੱਚ ਕੋਈ, ਇਸ ਜੀਵਨ ਵਿੱਚ ਕੇਵਲ ਆਪਣੇ ਸਵਾਰਥ ਹਿੱਤ ਜ਼ਿੰਦਗੀ ਨੂੰ ਇੱਕ ਜੂਏ ਦੀ ਖੇਡ ਸਮਝ ਕੇ ਹਾਰ ਰਿਹਾ ਹੈ, ਕੋਈ ਜਿੱਤ ਰਿਹਾ ਹੈ। ਕੋਈ ਤਲਵਾਰ ਦੇ ਜ਼ੋਰ ਤੇ ਰਾਜ-ਭਾਗ ਹਾਸਲ ਕਰਕੇ ਹੀ ਆਪਣਾ ਜੀਵਨ ਸਫ਼ਲ ਸਮਝਦਾ ਹੈ। ਕੋਈ ਕਿਰਤ ਕਰਕੇ, ਮਿਹਨਤ ਕਰਕੇ ਧਨ-ਪਦਾਰਥ ਅਤੇ ਮਹਿਲ-ਮਾੜੀਆਂ, ਪੁੱਤਰ-ਕਲੱਤ੍ਰ, ਘਰ-ਪਰਿਵਾਰ ਬਣਾ ਕੇ, ਜੀਵਨ ਦੇ ਸੁੱਖ ਭੋਗਣ ਵਿੱਚ ਹੀ ਜਗਤ-ਤਮਾਸ਼ੇ ਦੀ ਖੇਡ ਦਾ ਸਫ਼ਲ ਖਿਡਾਰੀ ਅਖਵਾਉਂਦਾ ਹੈ। ਪਰ ਭਗਤਾਂ ਅਤੇ ਸੰਸਾਰੀ ਲੋਕਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਦੇ ਕਰਮ, ਉਨ੍ਹਾਂ ਦੀ ਜੀਵਨ ਸ਼ੈਲੀ ਬਿਲਕੁਲ ਵੱਖੋ-ਵੱਖਰੀ ਹੁੰਦੀ ਹੈ। ਰਾਗ ਮਾਝ ਵਿੱਚ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ-

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥

ਦੁਨੀਆਂਦਾਰੀ ਵਿੱਚ ਵਿਅਕਤੀ ਦਾ ਮਨੋਰਥ ਹੁੰਦਾ ਹੈ, ਕਿਸੇ ਵੀ ਹੀਲੇ ਸੁਖ-ਸੁਵਿਧਾਵਾਂ ਹਾਸਿਲ ਕਰਨੀਆਂ ਪਰ ਭਗਤਾਂ ਦਾ ਮਨੋਰਥ ਹੁੰਦਾ ਹੈ ਭਗਵਾਨ ਦੀ ਪ੍ਰਾਪਤੀ ਕਰਨੀ। ਸੰਸਾਰੀ ਸੁੱਖ ਪ੍ਰਾਪਤ ਕਰਨ ਲਈ ਮਨੁੱਖ, ਨੀਤੀ, ਸਿਆਣਪ, ਛਲ-ਕਪਟ, ਮਿਹਨਤ, ਤਾਕਤ ਆਦਿ ਨਾਲ ਜੀਵਨ ਦੀ ਖੇਡ ਜਿੱਤਣ ਦੀ ਕੋਸ਼ਿਸ਼ ਕਰਦਾ ਹੈ । ਭਗਤ ਲੋਕ ਪ੍ਰਭੂ ਦੇ ਦਰ ਪਰਵਾਨ ਹੋਣ ਲਈ ਸੇਵਾ-ਸਿਮਰਨ, ਤਿਆਗ, ਵੈਰਾਗ, ਪਰਉਪਕਾਰ ਅਤੇ ਪ੍ਰੇਮਾ-ਭਗਤੀ ਦਾ ਮਾਰਗ ਅਪਣਾਉਂਦੇ ਹਨ।

ਭਗਤ ਦਾ ਭਗਵਾਨ ਨਾਲ ਸੰਬੰਧ ਕਿਵੇਂ ਬਣੇ, ਉਸ ਨੂੰ ਪ੍ਰਾਪਤ ਕਰਨ ਲਈ ਉਸਦਾ ਮਾਰਗ ਦਰਸ਼ਨ ਕੌਣ ਕਰੇ, ਕੌਣ ਬਣੇ ਸੰਪਰਕ-ਸੂਤਰ ਭਗਵਾਨ ਅਤੇ ਭਗਤ ਵਿੱਚ। ਕਿਉਂਕਿ ਨਿਰਾਕਾਰ, ਨਿਰਗੁਣ ਭਗਵਾਨ ਦਾ ਤਾਂ ਕਿਸੇ ਦਰਸ਼ਨ ਨਹੀਂ ਕੀਤਾ, ਨਾ ਹੀ ਉਸਦੇ ਪ੍ਰਵਚਨ ਸੁਣੇ ਹਨ। ਇਸ ਲਈ ਭਗਤਾਂ ਦੇ ਮਾਰਗ ਦਰਸ਼ਨ ਵਾਸਤੇ ਆਪ ਨਾਰਾਇਣ, ਨਰ ਰੂਪ ਧਾਰ ਕੇ ਪ੍ਰਗਟ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਬਾਰੇ ਭੱਟ ਕੀਰਤ ਜੀ ਲਿਖਦੇ ਹਨ-

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।

ਨਿਰੰਕਾਰ ਦੀ ਜਾਗਤਿ ਜੋਤ ਦੇ ਸਤਿਗੁਰੂ ਰੂਪ ਰਾਹੀਂ ਰੱਬੀ ਬਾਣੀ ਦਾ ਇਲਹਾਮ ਹੁੰਦਾ ਹੈ। ਉਸ ਬਾਣੀਆਂ ਸਿਰਿ ਬਾਣੀ, ਗੁਰਬਾਣੀ ਵਿੱਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ: ਮੈਂ ਸੱਚ ਆਖਦਾ ਹਾਂ ਕਿ ਪ੍ਰਭੂ ਦੀ ਪ੍ਰਾਪਤੀ ਕੇਵਲ ਉਸੇ ਨੂੰ ਹੁੰਦੀ ਹੈ, ਜੋ ਉਸ ਨਾਲ ਪ੍ਰੇਮ ਕਰਦਾ ਹੈ-

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥

ਪਰ ਇਹ ਬੜਾ ਬਿਖ਼ਮ ਰਸਤਾ ਹੈ, ਔਖੀ ਘਾਟੀ ਹੈ। ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ। ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਪ੍ਰੇਮ ਦਾ ਰਸਤਾ ਖੰਡੇ ਦੀ ਧਾਰ 'ਤੇ ਤੁਰਨਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜੇ ਤੁਹਾਨੂੰ ਚਾਅ ਹੈ, ਸ਼ੌਕ ਹੈ ਪ੍ਰੇਮ ਦੀ ਖੇਡ ਖੇਡਣ ਦਾ ਤਾਂ ਸੀਸ ਤਲੀ 'ਤੇ ਧਰ ਕੇ ਪ੍ਰੇਮ ਦੀ ਗਲੀ ਵਿੱਚ ਆਉਣਾ ਪਵੇਗਾ।

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਸਿਰ ਦੇਣਾ ਹੈ, ਸੀਅ ਨਹੀਂ ਕਰਨੀ, ਜਤਾਉਣਾ ਨਹੀਂ, ਕੇਵਲ ਦਰ ਪਰਵਾਨ ਹੋਣ ਦੀ ਆਸ ਨਾਲ ਆਪਾ ਕੁਰਬਾਨ ਕਰਨਾ ਹੈ। ਧਨ-ਸੰਪਦਾ, ਸੰਤਾਨ ਆਦਿ ਸਭ ਤੋਂ ਉੱਪਰ ਪ੍ਰੇਮ ਨੂੰ ਸਮਝਕੇ, ਬਿਨਾਂ ਵੇਖੇ, ਬਿਨਾਂ ਪਰਖੇ, ਪ੍ਰੇਮੀ ਤੇ ਵਿਸ਼ਵਾਸ ਕਰਨਾ, ਆਪਣੇ ਆਪ ਤੋਂ ਵੱਧ ਕਿਸੇ ਨੂੰ ਚਾਹੁਣਾ, ਲੋਭ, ਲੋਕਾਚਾਰ, ਲੋਕ-ਲਾਜ ਆਦਿ ਦੁਨੀਆਂਦਾਰੀ ਦਾ ਤਿਆਗ ਕਰਕੇ, ਪ੍ਰੇਮੀ ਦੇ ਇੱਕ ਬੋਲ ਤੋਂ, ਗੁਰੂ ਦੇ ਇੱਕ ਇਸ਼ਾਰੇ ਤੋਂ ਆਪਾ ਕੁਰਬਾਨ ਕਰਨ ਵਾਲੇ ਸੂਰਮੇ ਹੀ ਪ੍ਰੇਮ ਦੀ ਖੇਡ ਵਿੱਚ ਸਫ਼ਲ ਹੁੰਦੇ ਹਨ।

ਇਸ ਔਖੀ ਘਾਟੀ ਤੇ ਚੱਲਣ ਲਈ ਸਿੱਖ-ਗੁਰੂ ਸਾਹਿਬ ਨੇ ਕੇਵਲ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਆਪ ਇਸ ਬਿਖ਼ਮ ਮਾਰਗ ਤੇ ਚੱਲ ਕੇ, ਪੈੜਾਂ ਪਾਈਆਂ, ਪੂਰਨੇ ਪਾਏ। ਗੁਰੂ ਦੇ ਸਿਦਕੀ ਸਿੱਖਾਂ ਨੇ ਵੀ ਗੁਰੂ ਸਾਹਿਬ ਦੇ ਪਦ-ਚਿੰਨ੍ਹਾਂ ਤੇ ਚੱਲ ਕੇ ਖੰਡੇ ਧਾਰ ਦੇ ਮਾਰਗ ਤੇ ਗਾਡੀ ਰਾਹ ਬਣਾਇਆ। ਗੁਰੂ ਅਤੇ ਸਿੱਖਾਂ ਦਾ ਨਾਤਾ ਹੀ ਪ੍ਰੇਮ ਦਾ ਅਤੇ ਸਿਦਕ ਦਾ ਹੈ। ਸਿੱਖ, ਗੁਰੂ ਦੇ ਇੱਕ ਬੋਲ ਤੋਂ, ਇੱਕ ਵੇਰ ਦੀ ਮੁਸਕਾਨ ਤੋਂ, ਉਸਦੇ ਦਰਸ਼ਨ ਦੀ ਇੱਕ ਝਲਕ ਪ੍ਰਾਪਤ ਕਰਨ ਲਈ ਆਪਾ ਕੁਰਬਾਨ ਕਰ ਦੇਂਦਾ ਹੈ-

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥

ਗੁਰੂ ਪ੍ਰੇਮ ਦੀ ਖੇਡ ਏਡੀ ਉੱਚੀ-ਸੁੱਚੀ ਤੇ ਨਿਰਾਲੀ ਹੈ ਕਿ ਪ੍ਰੇਮੀ ਸਿੱਖ ਲੋਕ-ਪਰਲੋਕ, ਦੀਨ-ਦੁਨੀਆਂ ਅਤੇ ਸਵਰਗ-ਬੈਕੁੰਠ ਵੀ ਗੁਰੂ ਦਰਸ਼ਨ ਤੋਂ ਕੁਰਬਾਨ ਕਰ ਦੇਂਦੇ ਹਨ। ਭਾਈ ਨੰਦ ਲਾਲ ਜੀ ਲਿਖਦੇ ਹਨ-

ਦੀਨੋ ਦੁਨੀਆਂ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾ।

ਹੇ ਗੁਰੂ ਗੋਬਿੰਦ ਸਿੰਘ ਤੇਰੇ ਮੁੱਖ ਮੰਡਲ ਤੇ ਲਟਕ ਰਹੀ ਤੇਰੀ ਜ਼ੁਲਫ਼, ਕੇਸਾਂ ਦੀ ਲਟ ਏਨੀ ਸੁੰਦਰ ਹੈ, ਤੇਰਾ ਦਰਸ਼ਨ ਏਨਾ ਕੀਮਤੀ ਹੈ ਕਿ ਮੈਂ ਇਸ ਤੋਂ ਦੀਨ ਅਤੇ ਦੁਨੀਆਂ ਕੁਰਬਾਨ ਕਰਦਾ ਹਾਂ। ਦੋ ਜਹਾਨ ਇਸ ਇਲਾਹੀ ਨੂਰ ਦੀ ਕੀਮਤ ਨਹੀਂ ਪਾ ਸਕਦੇ। ਮੈਂ ਤੇਰੇ ਕੇਸਾਂ ਦੀ ਇਸ ਲਟ ਦਾ ਕੈਦੀ ਹਾਂ। -ਇਹ ਅਵਸਥਾ ਹੁੰਦੀ ਹੈ ਗੁਰੂ ਪ੍ਰੇਮੀਆਂ ਦੀ। ਦੁਨੀਆਂ ਦੇ ਸਾਰੇ ਨਸ਼ਿਆਂ ਤੋਂ ਪ੍ਰੇਮ ਦਾ ਨਸ਼ਾ ਹਜ਼ਾਰਾਂ ਗੁਣਾਂ ਤੇਜ਼ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖਦੇ ਹਨ-

'ਭੰਗ, ਸ਼ਰਾਬ, ਅਫੀਮ ਛੁਡਾ ਕੇ ਨਸ਼ਾ ਪ੍ਰੇਮ ਦਾ ਦਿੱਤਾ' ਅਤੇ ਇਸ ਨਸ਼ੇ ਵਿੱਚ-

ਰੋਹੀ ਵਿੱਚ ਗੁਲਜ਼ਾਰ ਲਗਾਈ, ਸਿਮਰਨ ਸਰਿਤ ਵਹਾ ਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆ ਕੇ।

ਗੁਰੂ ਪ੍ਰੇਮ ਦੇ ਨਸ਼ੇ ਵਿੱਚ ਹੀ ਉਹ ਮਸਤਾਨੇ ਸਿੱਖ ਦੀਵੇ ਤੇ ਪਤੰਗੇ ਵਾਂਗ ਕੁਰਬਾਨ ਹੋਏ।

ਦੀਵੇ ਪਰ ਜਿਉਂ ਆਇ ਪਤੰਗੇ, ਤਿਉਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸੀ ਹ੍ਵੈ-ਹ੍ਵੈ ਕਰਿ ਸਾਰੇ, ਜਰਾ ਨਾ ਕੀਨੇ ਪ੍ਰਾਨ ਪਿਆਰੇ। -(ਪੰਥ ਪ੍ਰਕਾਸ਼)

ਸਿੱਖ ਇਤਿਹਾਸ ਵਿੱਚ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਰੱਖਣ ਵਾਲੇ ਸਿੱਖਾਂ ਨੇ ਐਸੇ ਐਸੇ ਕੀਰਤੀਮਾਨ ਸਥਾਪਿਤ ਕੀਤੇ ਕਿ ਦੁਨੀਆਂ ਦੇ ਇਤਿਹਾਸ ਵਿੱਚ ਐਸੀਆਂ ਮਿਸਾਲਾਂ ਨਹੀਂ ਮਿਲਦੀਆਂ। ਭਾਈ ਮਨੀ ਸਿੰਘ ਜੀ ਨੂੰ ਜ਼ਾਲਮ ਮੁਗ਼ਲ ਹਾਕਮਾਂ ਨੇ ਬੰਦ ਬੰਦ ਕੱਟੇ ਜਾਣ ਦੀ ਸਖਤ ਸਜ਼ਾ ਦਿੱਤੀ। ਜੱਲਾਦ ਕੂਹਣੀ ਤੋਂ ਬਾਂਹ ਕੱਟਣ ਲੱਗਾ ਤਾਂ ਭਾਈ ਸਾਹਿਬ ਰੋਕ ਕੇ ਆਖਦੇ ਹਨ- 'ਭਾਈ ਤੂੰ ਤਾਂ ਆਪਣੇ ਮਾਲਕ ਦਾ ਹੁਕਮ ਪੂਰਾ ਕਰ, ਕੂਹਣੀ ਤੋਂ ਪਹਿਲਾਂ ਉਂਗਲਾਂ ਦੇ ਚੌਦਾਂ ਪੋਟੇ ਹਨ, ਗੁੱਟ ਹੈ, ਫੇਰ ਕੂਹਣੀ ਤੇ ਵਾਰ ਕਰੀਂ। ਬੰਦ-ਬੰਦ ਕੱਟੇ ਜਾਣ ਦਾ ਕਾਜ਼ੀ ਦਾ ਫ਼ੁਰਮਾਣ ਹੈ।' ਪੰਜਾਬੀ ਦੇ ਮਹਾਨ ਕਵੀ ਧਨੀ ਰਾਮ ਚਾਤ੍ਰਿਕ ਇਸ ਪ੍ਰੇਮ-ਖੇਡ ਦਾ ਬਹੁਤ ਖ਼ੂਬਸੂਰਤ ਦ੍ਰਿਸ਼ ਵਰਨਣ ਕਰਦੇ ਹਨ-


ਇੱਕ ਉਂਗਲ ਵਿੱਚ ਤਿੰਨ ਤਿੰਨ ਪੋਟੇ, ਇਹ ਭੀ ਸਾਰੇ ਬੰਦ ਕਹਾਨ।
ਪਹਿਲਾਂ ਟੋਟੇ ਕਰ ਇਨ੍ਹਾਂ ਦੇ, ਫਿਰ ਵੀਣੀ ਵੱਲ ਕਰੀਂ ਧਿਆਨ।
ਵਿਸਮਯ ਹੋ ਜੱਲਾਦ ਉਵੇਂ ਹੀ ਲੱਗਾ, ਇੱਕ ਇੱਕ ਕੱਟਣ ਬੰਦ।
ਭਾਈ ਜੀ ਦਾ ਚੇਹਰਾ ਹਸਮੁੱਖ, ਦਿਸੇ ਚਮਕਦਾ ਵਾਂਗਰ ਚੰਦ।
ਪੋਟੇ ਗੁੱਟ ਅਰਕ ਅਰੁ ਮੋਢੇ, ਕੱਟ ਕੱਟ ਲਾਈ ਜਾਵੇ ਢੇਰ।
ਪਰ ਮੂੰਹੋਂ ਸੀ ਹਾਇ ਨਾ ਕੱਢੇ, ਕਲਗੀਧਰ ਦਾ 'ਪ੍ਰੇਮੀ ਸ਼ੇਰ'।
ਸਿਦਕੀ, ਪ੍ਰੇਮੀ ਮਨੀ ਸਿੰਘ ਜੀ ਕੈਸੇ ਬੈਠੇ ਹਨ ਗੰਭੀਰ।
ਮਾਨੋ ਦੁੱਖ ਅਰੁ ਮੌਤ ਏਨਾਂ ਨੂੰ ਰਤਾ ਨਹੀਂ ਕੀਤਾ ਦਿਲਗੀਰ।

'ਪ੍ਰੇਮ ਖੇਲਨ ਕਾ ਚਾਉ' ਰੱਖਣ ਵਾਲੇ, ਸਭ ਤੋਂ ਔਖੀ ਅਤੇ ਸਭ ਤੋਂ ਉੱਚੀ ਸੁੱਚੀ ਖੇਡ ਖੇਡਣ ਵਾਲੇ ਪ੍ਰਭੂ ਪਿਆਰੇ ਦੇ ਚਰਨਾਂ ਵਿੱਚ ਸਮਾ ਜਾਂਦੇ ਹਨ, ਜੀਵਨ ਮੁਕਤੀ ਦੀ ਪਦਵੀ ਪ੍ਰਾਪਤ ਕਰਦੇ ਹਨ।

ਮੁਕਤੀ, ਭਗਤੀ, ਪ੍ਰੇਮੀ, ਸ਼ਾਂਤੀ, ਪਿਆਰੇ ਪਰਮਾਤਮ ਦਾ ਮੇਲ ।
ਇਹ ਸਭ ਸਹਿਜੇ ਪ੍ਰਾਪਤ ਹੋਵਣ, ਖੇਡ ਜਾਇ ਜੋ ਸੱਚੀ ਖੇਡ।


**-ਸੇਵਕ ਹਰਪਾਲ ਸਿੰਘ**

# ਹਸਤ-ਲਿਖਤ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਰਾਜਾ ਹਰੀ ਚੰਦ ਨੇ ਸੋਨਾ
ਚਾਂਦੀ ਦਾਨ ਕੀਤਾ ਪਰ ਅੰਨ
ਨਹੀ ਸੀ ਦਾਨ ਕੀਤਾ ਤਾਂ ਸ੍ਰੀਰ ਤਿਆਗ
ਪਿਛੋਂ ਅਗੇ ਜਾ ਕੇ ਖਾਣ ਨੂੰ ਸੋਨਾ
ਚਾਂਦੀ ਹੀ ਮਿਲਿਆ ਫਿਰ ਸੰਸਾਰ ਤੇ
ਆ ਕੇ ਅੰਨ ਦਾਨ ਕੀਤਾ ਤਾਂ ਅਗੇ
ਜਾ ਕੇ ਅੰਨ ਪ੍ਰਾਪਤ ਹੋਇਆ।


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਗੁਰੂ ਜੀ ਦਾ ਹੁਕਮ ਹੈ ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।ਸੋ ਖਾਲਸਾ ਜੀ
ਜੰਮਣਾ ਮਰਨਾ ਜੂਨਾ ਨੂ ਬੜਾ ਈ ਦੁਖ ਹੈ।ਮਨੁਖਾ ਜਨਮ ਤੇ ਬਿਨਾ, ਕਹਾ
ਨਾਮ ਦਾਨ ਇਸਨਾਨ ਹਥ ਆਵਦਾ ਹੈ।ਏਹ ਬੀ ਗੁਰੂ ਜੀ ਦਾ ਹੁਕਮ ਹੈ
ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ।ਜੋਨੀ ਸਭਿ ਭਵਾਈਅਨਿ
ਬਿਸਟਾ ਮਾਹਿ ਸਮਾਇ।ਹਰਿ ਨਾਮ ਵਿਚ ਵਡਾਈਆ ਗੁਰੂ ਜੀ ਨੇ ਕਹੀਆ ਹੈ।
ਜਿਥੈ ਮਿਲਹਿ ਵਡਾਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਨਾਮ ਕੀ ਤਾ ਅਮਿਤ ਵਡਾਈ ਹੈ।ਮੈ ਜਿਉ ਕਿਆ ਕਹਿ ਸਕਦਾ ਹਾ।

**(ਹੁਕਮਨਾਮਾ-੩)**

## ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਮਿਲਵਾਕੀ (੧੯੯੭)



ਮਾਨ ਯੋਗ ਪੰਜਾਬੀ ਪ੍ਰੇਮੀਓਂ,

ਪੰਜਾਬ ਤੋਂ ਬਾਹਰ ਜਾ ਕੇ ਆਪਣਾ-ਨਾਮ ਪੈਦਾ ਕਰਨ ਵਾਲਿਓ, ਮੈਂ ਸਭ ਤੋਂ ਪਹਿਲਾਂ ਜਿਨ੍ਹਾਂ ਕਰਕੇ ਪੰਜਾਬ ਏਨਾ ਚੰਗਾ ਹੈ, ਏਡਾ ਆਗੂ ਹੈ, ਉਨ੍ਹਾਂ ਗੁਰੂ ਨਾਨਕ ਸਾਹਿਬ ਨੂੰ ਯਾਦ ਕਰਦਾ ਹਾਂ। ਪੰਜਾਬ ਵਿੱਚ ਉਨ੍ਹਾਂ ਸਾਰੇ ਸਰੂਪ ਧਾਰੇ। ਉਹਨਾਂ ਨੇ ਸਾਡਾ ਜੀਵਨ ਉੱਚਾ ਕੀਤਾ।

ਸਾਰੇ ਬੜੇ ਪ੍ਰੇਮ ਨਾਲ ਆਖੋ ਧੰਨ ਸਤਿਗੁਰੂ ਨਾਨਕ ਦੇਵ ਜੀ।

ਉਹਨਾਂ ਨੇ ਚੰਗੇ ਸ਼ਬਦਾਂ ਨੂੰ ਲਿਖ ਕੇ ਲਿਆਉਣ ਲਈ ਲਿਖਤ ਪੈਦਾ ਕੀਤਾ, ਬਾਣੀ ਰਚੀ। ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਥਾਵਾਂ ਤੇ ਗੁਰਮੁਖੀ ਅੱਖਰਾਂ ਵਿੱਚ ਲਿਖੀ ਬਾਣੀ ਦੇ ਪਾਠ ਹੁੰਦੇ ਨੇ ਪਰ ਜੋ ਉਸ ਵਿੱਚ ਲਿਖਿਆ ਹੈ, ਜੇ ਉਹ ਅਮਲ ਵਿੱਚ ਲੈ ਆਈਏ ਤਾਂ ਪੰਜਾਬ ਦਾ ਮਾਣ ਹੋਰ ਵੀ ਵਧਾ ਸਕਦੇ ਹਾਂ। ਮੋਟੀਆਂ ਮੋਟੀਆਂ ਗੱਲਾਂ ਨੇ :

-ਹਰਿ ਕੇ ਨਾਮ ਬਿਨਾ ਦੁਖੁ ਪਾਵੈ॥

--- ---- ----

-ਹਰਿ ਕੋ ਨਾਮ ਸਦਾ ਸੁਖਦਾਈ॥

ਜਪੁਜੀ ਸਾਹਿਬ ਦੀ ਵੀਹਵੀਂ ਪਉੜੀ ਵਿੱਚ ਲਿਖਿਆ ਹੈ-

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਤੇ ਜੇ ਸਾਡੀ ਮੱਤ ਧੁਪ ਜਾਏਗੀ ਤਾਂ ਸਾਡੀ ਲੜਾਈ ਮੁੱਕ ਜਾਏਗੀ। ਅਸੀਂ ਸਾਰੇ ਆਪਸੀ ਝਗੜੇ ਮੁਕਾ ਸਕਾਂਗੇ। ਨਾਮ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :

ਇਕ ਨਾਮ ਬਿਨਾ ਨਹੀਂ ਕੋਟ ਬ੍ਰਤੀ॥

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਪੰਜਾਬ ਵਿੱਚ ਓਦੋਂ ਕੰਮ ਕੀਤਾ ਜਦੋਂ ਅੰਗਰੇਜ਼ਾਂ ਦੇ ਖਿਲਾਫ਼ ਕੋਈ ਗੱਲ ਨਹੀਂ ਸੀ ਕਰ ਸਕਦਾ। ਪਰ ਲੜਾਈ ਕਰਕੇ ਨਹੀਂ, ਉਹਨਾਂ ਨਾ ਨਾਮਿਲਵਰਤਨ ਤੇ ਅਹਿੰਸਾ ਦਾ ਰਾਹ ਅਖਤਿਆਰ ਕੀਤਾ। ਓਸੇ ਰਾਹ ਉੱਤੇ ਚੱਲ ਕੇ ਹੀ ਮਹਾਤਮਾ ਗਾਂਧੀ ਨੇ ਦੇਸ਼ ਆਜ਼ਾਦ ਕਰਵਾਇਆ। ਫੇਰ ਤੁਹਾਨੂੰ ਪਤਾ ਹੀ ਹੈ ਕਿ ਅਫ਼ਰੀਕਾ ਦੇ ਕਈ ਦੇਸ਼ ਆਜ਼ਾਦ ਹੋਏ, ਬਗੈਰ ਕਿਸੇ ਖ਼ੂਨ ਖ਼ਰਾਬੇ ਤੋਂ, ਗੋਲੀ ਬੰਦੂਕ ਤੋਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮੇ ਵਿੱਚ ਲਿਖਿਆ ਹੈ ਕਿ ਉਹਨਾਂ ਨਾਮਧਾਰੀ ਪੰਥ ਮੰਤਰ ਸ਼ਕਤੀ ਨਾਲ ਪੈਦਾ ਕੀਤਾ ਹੈ। ਭਾਵੇਂ ਕੋਈ ਕਿੰਨੀ ਕੋਸ਼ਿਸ਼ ਕਰੇ ਉਸ ਨੂੰ ਮਿਟਾ ਨਹੀਂ ਸਕਦਾ। ਉਹ ਉਹੀ ਮੰਤਰ ਸ਼ਕਤੀ ਲੈ ਕੇ ਆਏ ਸਨ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ :

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸਤਿਗੁਰੂ ਜੀ ਨੇ ਪੰਜਾਬੀ ਪੜ੍ਹਨ ਲਈ ਵੀ ਹੁਕਮ ਕੀਤਾ। ਆਪ ਨੇ ਆਪਣੇ ਹੁਕਮਨਾਮਿਆਂ ਵਿੱਚ ਲਿਖਿਆ : "ਅਖਰ ਪੜ੍ਹਾਉਣੇ ਗੁਰਮੁਖੀ ਦੇ, ਲੜਕੇ ਲੜਕੀਆਂ ਨੂੰ ਹੋਸ਼ ਆਉਣ ਦੇ ਨਾਲ" ਬਿਰਧਾਂ ਵਾਸਤੇ ਵੀ ਉਹਨਾਂ ਨੇ ਲਿਖਿਆ।

ਇਹਨਾਂ ਅੱਖਰਾਂ ਵਿੱਚ ਗੁਰੂ ਨਾਨਕ ਨੇ ਉਹ ਚੀਜ਼ ਲਿਖੀ ਹੈ ਜਿਹੜੀ ਰਹਿੰਦੀ ਦੁਨੀਆਂ ਤੱਕ ਰਹੇਗੀ। ਕਿਉਂਕਿ ਗੁਰੂ ਨਾਨਕ ਨੇ ਸਦਾ ਰਹਿਣਾ ਹੈ। ਉਹ ਓਦੋਂ ਵੀ ਸੀ ਜਦੋਂ ਦੁਨੀਆਂ ਨਹੀਂ ਸੀ। ਉਹ ਜਦੋਂ ਦੁਨੀਆਂ ਨਹੀਂ ਰਹਿਣੀ ਓਦੋਂ ਵੀ ਰਹੇਗਾ।

ਕਲਿਜੁਗ ਬਾਰੇ ਤਾਂ ਏਸੇ ਸਰੂਪ ਵਿੱਚ ਰਹਿਣ ਦਾ ਇਕਰਾਰ ਕੀਤਾ ਹੈ-

ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ ॥

ਉਹ ਗੱਲਾਂ ਐਵੇਂ ਨਹੀਂ ਹਨ।

ਮੈਂ ਪੰਜਾਬੀ ਪ੍ਰੇਮੀਆਂ ਨੂੰ ਇਹ ਅਰਜ਼ ਕਰਾਂਗਾ ਕਿ ਸਤਿਗੁਰੂ ਜੀ ਨੇ ਬਾਣੀ ਵਿੱਚ ਜੋ ਕੁਝ ਲਿਖਿਆ ਹੈ, ਉਹਦੇ ਤੇ ਜਿੰਨਾਂ ਕੁ ਅਮਲ ਕਰ ਸਕੀਏ, ਉਹ ਸਾਡੇ ਲਈ ਲਾਹੇਵੰਦ ਹੈ। ਬਾਣੀ ਵਿੱਚ ਇਹ ਲਿਖਿਆ ਗਿਆ ਹੈ ਕਿ ਸੰਸਾਰ ਤੇ ਮਨੁੱਖ ਕਿਵੇਂ ਆਉਂਦਾ ਹੈ? ਕਿਉਂ ਆਉਂਦਾ ਹੈ? ਕਾਹਦੇ ਵਾਸਤੇ ਆਉਂਦਾ ਹੈ? ਤੇ ਉਸਨੇ ਕਿੱਥੇ ਜਾਣਾ ਹੈ? ਸਭ ਤੋਂ ਜਰੂਰੀ ਗੱਲ ਬੰਦੇ ਵਾਸਤੇ ਇਹ ਜਾਨਣਾ ਹੈ। ਭਾਵੇਂ ਕੋਈ ਫੈਕਟਰੀਆਂ ਲਾ ਲਵੇ, ਬਾਹਰ ਦੇ ਦੇਸ਼ਾਂ ਨੂੰ ਚਲਾ ਜਾਏ, ਕਿਸੇ ਦੇਸ਼ ਵਿੱਚ ਰਹੇ, ਉਸ ਨੇ ਚਲੇ ਹੀ ਜਾਣਾ ਹੈ ਇਸ ਸੰਸਾਰ ਤੋਂ। ਓਥੇ ਸੌਖੇ ਜਾਣ ਵਾਸਤੇ :

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥

ਉਹ ਗੱਲਾਂ ਸਾਡੇ ਵਿੱਚ ਆ ਜਾਣ ਤਾਂ ਅਸੀਂ ਪੰਜਾਬ ਨੂੰ ਹੋਰ ਖੂਬਸੂਰਤ ਬਣਾ ਸਕਦੇ ਹਾਂ।

ਮੈਂ ਬਹੁਤ ਪੜ੍ਹਿਆ ਲਿਖਿਆ ਨਹੀਂ, ਬਹੁਤ ਤਕੜਾ ਬੁਲਾਰਾ ਵੀ ਨਹੀਂ। ਪਰ ਜਿਸ ਵੇਲੇ ਪ੍ਰਹਿਲਾਦ ਨੂੰ ਥੰਮ ਨਾਲ ਲੱਗਣ ਵਾਸਤੇ ਆਖਿਆ ਗਿਆ। ਉਸਦੀ ਕਮਜ਼ੋਰੀ, ਅਕਾਲ ਪੁਰਖ ਨੇ ਕੀੜੀ ਦਾ ਰੂਪ ਕੇ ਉਸ ਥੰਮ ਤੇ ਤੁਰ ਕੇ ਦੂਰ ਕਰ ਦਿੱਤੀ। ਉਸ ਨੇ ਜਾ ਕੇ ਜੱਫੀ ਪਾ ਲਈ। ਪ੍ਰਹਿਲਾਦ ਨੇ ਤਾਂ ਕੀੜੀ ਤੁਰਦੀ ਦੇਖ ਲਈ ਸੀ ਤੇ ਜੱਫੀ ਪਾ ਲਈ ਸੀ, ਇੱਕ ਰਾਹ ਅਖਤਿਆਰ ਕਰ ਲਿਆ ਸੀ। ਪਰ ਸਾਨੂੰ ਚੰਗੇ ਪਾਸੇ ਤੁਰਦੇ ਬੰਦੇ ਨਜ਼ਰ ਨਹੀਂ ਆਉਂਦੇ।

ਸਤਿਗੁਰੂ ਨਾਨਕ ਦੇਵ ਜੀ ਨੇ ਸ਼ਰਾਬ ਪੀਣ ਨੂੰ ਨਿੰਦਿਆ ਹੈ-

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥

ਤੁਹਾਨੂੰ ਪਤਾ ਹੈ ਏਥੇ ਅਮਰੀਕਾ ਵਿੱਚ ਇੱਕ ਪੋਸਟ ਟੂ ਪੋਸਟ ਬਣਾਏ ਨੇ ਜਿਹੜੇ ਮਾਸ ਸ਼ਰਾਬ ਵਗੈਰਾ ਬਿਲਕੁਲ ਨਹੀਂ ਖਾਂਦੇ ਪੀਂਦੇ। ਪਤਾ ਲੱਗਾ ਹੈ ਕਿ ਉਹਨਾਂ ਅਮਰੀਕਨ ਸਿੱਖਾਂ ਦੇ ਲੜਕੇ ਲੜਕੀਆਂ ਮਸੂਰੀ ਵਿੱਚ ਪੜ੍ਹਦੇ ਨੇ। ਉਹ ਦੂਜੇ ਮਾਸ ਸ਼ਰਾਬ ਖਾਣ-ਪੀਣ ਵਾਲਿਆਂ ਦੇ ਟੇਬਲਾਂ ਤੇ ਨਹੀਂ ਬੈਠਦੇ। ਏਦੂੰ ਅਗਾਂਹ ਉਹਨਾਂ ਨਾਲ ਬੋਲ ਚਾਲ ਵੀ ਨਹੀਂ ਕਰਦੇ। ਫਿਰ ਉਹਨਾਂ ਨੂੰ ਜਾਪਿਆ ਕਿ ਸਾਡੇ ਕੱਪੜੇ ਇਹਨਾਂ ਨਾਲ ਧੁਪਦੇ ਹਨ। ਉਹਨਾ ਨੇ ਆਪਣਾ ਸਕੂਲ ਵੱਖਰਾ ਬਣਾ ਲਿਆ ਕਿ ਸਾਡੇ ਕੱਪੜੇ ਵੀ ਇਹਨਾਂ ਨਾਲ ਨਾ ਧੁਪਣ। ਸਾਡੇ ਦਾਦੀ ਜੀ, ਮਾਤਾ ਜੀਵਨ ਕੌਰ ਜੀ ਸਨ। ਉਹ ਦੁੱਧ ਮਿੱਠੇ ਵਾਲੇ ਵਿੱਚ ਜਾਂ ਸ਼ਰਬਤ ਵਿੱਚ ਕਿੱਕਰ ਦੀ ਦਾਤਨ ਨਹੀਂ ਸਨ ਫੇਰਨ ਦੇਂਦੇ। ਉਹਨਾਂ ਦਾ ਮਤਲਬ ਸੀ ਕਿ ਕਿੱਕਰ ਦੇ ਸੱਕ ਅਤੇ ਮਿੱਠੇ ਤੋਂ ਸ਼ਰਾਬ ਬਣਦੀ ਹੈ ਸੋ ਇਸ ਤੋਂ ਦੂਰ ਰਹਿਣਾ ਹੈ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ੧੯੯੩ ਦੀ ਪੰਜਾਬੀ ਕਾਨਫ਼ਰੰਸ ਵਿੱਚ ਸਾਨੂੰ, ਨਾਮਧਾਰੀ ਸਿੰਘਾਂ ਨੂੰ ਬੈਂਕਾਕ (ਥਾਈਲੈਂਡ) ਸੇਵਾ ਕਰਨ ਦਾ ਮੌਕਾ ਮਿਲਿਆ। ਸਤਿਗੁਰਾਂ ਨੇ ਐਸੀ ਕਿਰਪਾ ਕੀਤੀ ਕਿ ਐਡੇ ਵੱਡੇ ਇਕੱਠ ਵਿੱਚ ਸਾਨੂੰ ਖੁਸ਼ੀਆਂ ਹੀ ਪ੍ਰਾਪਤ ਹੋਈਆਂ, ਕੋਈ ਸ਼ਕਾਇਤ ਨਹੀਂ ਆਈ ਕਿਸੇ ਪਾਸਿਓਂ। ਬੈਂਕਾਕ ਵਾਲੇ ਸਿੱਖਾਂ ਨੇ ਬਹੁਤ ਸੇਵਾ ਕੀਤੀ ਸੀ। ਇਹ ਉਹਨਾਂ ਦੇ ਵੱਡੇ ਭਾਗਾਂ ਦੀ ਗੱਲ ਹੈ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਮੌਕਾ ਦਿੱਤਾ ਹੈ ਏਥੇ (ਮਿਲਵਾਕੀ ਵਿੱਚ) ਸੇਵਾ ਕਰਨ ਦਾ। ਮੈਂ ਇਹ ਅਰਜ਼ ਕਰਾਂਗਾ ਕਿ ਹੁਣ ਇਸ ਕਾਨਫ਼ਰੰਸ ਨੂੰ ਸ਼ੁਰੂ ਕੀਤਾ ਜਾਵੇ। ਇਸ ਦੀ ਨਿਰਵਿਘਨਤਾ ਨਾਲ ਸੰਪੂਰਨ ਹੋਣ ਵਾਸਤੇ ਰੋਜ਼ ਸਵੇਰੇ ਉੱਠ ਕੇ ਅਰਦਾਸ ਕਰਕੇ ਆਇਆ ਕਰੋ ਤਾਂ ਕਿ ਸਾਡਾ ਜੀਵਨ ਵੀ ਉੱਚਾ ਹੋ ਸਕੇ।

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ

੧੦ ਮਾਰਚ ੨੦੧੮ **ਪੰਜਾਬੀ ਕਾਨਫ਼ਰੰਸ ਸਮੇਂ** ਸਥਾਨ- ਚੰਡੀਗੜ੍ਹ

ਬਾਹਰੋਂ ਆਏ ਹੋਏ ਪਤਵੰਤੇ ਸੱਜਣ,ਵੀਰੋ ਭੈਣੋਂ, ਸਾਧ ਸੰਗਤ ਜੀ,ਬੜੀ ਖੁਸ਼ੀ ਦੀ ਗੱਲ ਹੈ ਕੀ ਅਸੀਂ ਪੰਜਾਬੀ ਕਾਨਫਰੰਸ ਕਰਾ ਰਹੇ ਹਾਂ। ਮੈਂ ਬਾਹਰ ਸਫ਼ਰ ਕਰ ਕੇ ਵੇਖਿਆ,ਪੰਜਾਬੀ ਬਾਰੇ ਸੋਚਣ ਦਾ ਬਹੁਤ ਮੌਕਾ ਮਿਲਿਆ। ਪਿੱਛੇ ਜਹੇ ਡਾ.ਵਰਿਆਮ ਸੰਧੂ ਦਾ ਇੱਕ ਲੇਖ ਛਪਿਆ। ਜਿਸ ਵਿੱਚ ਉਨ੍ਹਾਂ ਨੇ ਲਿਖਿਆ ਯੂ. ਐਨ. ਓ. ਨੇ ਸਰਵੇ ਕੀਤਾ ਹੈ, ਜਿਸ ਵਿੱਚ ਉਨ੍ਹਾਂ ਸਮਝਿਆ ਕਿ ਪੰਜਾਹ ਸਾਲ ਵਿੱਚ ਪੰਜਾਬੀ ਖਤਮ ਹੋ ਜਾਏਗੀ। ਮੈਂ ਇਹ ਨਹੀਂ ਸਮਝਦਾ ਕਿ ਪੰਜਾਹ ਸਾਲ ਵਿੱਚ ਖਤਮ ਹੋ ਜਾਏਗੀ,ਪਰ ਜਿਸ ਤਰਾਂ ਪੰਜਾਬੀ ਘੱਟ ਰਹੀ ਏ,ਉਹਦੇ ਬਾਰੇ ਸੋਚਣ ਦੀ ਬਹੁਤ ਜਰੂਰਤ ਹੈ। ਸਿੱਧੂ ਸਾਹਿਬ ਬੜੇ ਜੋਸ਼ ਵਿੱਚ ਬੋਲੇ,ਪਰ ਕਿੰਨੇ ਕੂ ਪੰਜਾਬੀ ਨੇ ਜਿਨ੍ਹਾਂ ਨੂੰ ਇਸ ਤਰ੍ਹਾਂ ਦਾ ਮਾਣ ਹੈ। ਸਾਨੂੰ ਬਹੁਤ ਸੋਚਣ ਵਾਸਤੇ ਮਜ਼ਬੂਰ ਕਰਦੀ ਹੈ,ਬਹੁਤ ਸੱਚੀਆਂ ਗੱਲਾਂ ਨੇ,ਪਰ ਮੈਂ ਘੱਟ ਤੋਂ ਘੱਟ ਇਹ ਸਮਝਦਾ ਹਾਂ ਕਿ ਸਾਡੀ ਸਾਰਿਆਂ ਲਈ ਪਹਿਲੀ ਗੱਲ ਹੈ, ਅਸੀਂ ਪੰਜਾਬੀ,ਗੁਰਮੁੱਖੀ ਲਿੱਪੀ ਨੂੰ ਬਚਾ ਕੇ ਰੱਖੀਏ ਆਪਣੀ ਅਗਲੀ ਜਨਰੇਸ਼ਨ ਲਈ। ਇਹ ਨਾ ਹੋਵੇ ਸਾਡੀ ਜ਼ਨਰੇਸ਼ਨ ਵਿੱਚੋਂ ਹੌਲੀ-ਹੌਲੀ ਪੰਜਾਬੀ ਖ਼ਤਮ ਹੋਣੀ ਸ਼ੁਰੂ ਹੋ ਜਾਵੇ।

ਉਹਦਾ ਸਭ ਤੋਂ ਵੱਡਾ ਕਾਰਨ ਮੈਂ ਇਹ ਸਮਝਦਾ ਹਾਂ, ਮੈਂ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਪੰਜਾਬ ਤੋਂ ਬਾਹਰ ਰਿਹਾ, ਮੈਂ ਵੇਖਿਆ ਕਿ ਉਹਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬੀਆਂ ਨੂੰ ਪੰਜਾਬੀ ਦਾ ਮਾਣ ਨਹੀਂ,ਮੁਆਫ਼ ਕਰਨਾ ਬਾਹਰੋਂ ਆਏ ਹੋਏ ਕਨੇਡਾ ਤੋਂ, ਤੁਹਾਨੂੰ ਓਥੇ ਬੈਠਿਆਂ ਨੂੰ ਜਿਆਦਾ ਮਾਣ ਏ, ਪਰ ਸਾਨੂੰ ਇਸ ਦੇਸ ਵਿੱਚ ਰਹਿੰਦਿਆਂ ਹੋਇਆ ਨੂੰ ਪੰਜਾਬੀ ਹੋਣ ਦਾ ਉਨ੍ਹਾਂ ਮਾਣ ਨਹੀਂ ਹੈ। ਮੈਂ ਬਹੁਤ ਘਰਾਂ ਵਿੱਚ ਵੇਖਿਆ ਇਹ ਬਿਲਕੁਲ ਗੱਲ ਠੀਕ ਹੈ, ਗੱਲ ਜਿਹੜੀ ਪਾਤਰ ਸਾਹਿਬ ਨੇ ਕੀਤੀ ਹੈ,ਬਹੁਤ ਘਰਾਂ ਵਿੱਚ ਵੇਖਿਆ ਹੈ ਕਿ ਆਪਣੇ ਬੱਚਿਆਂ ਨਾਲ ਜਾਂ ਅੰਗ੍ਰੇਜ਼ੀ ਬੋਲੀ ਜਾਂਦੀ ਹੈ ਜਾਂ ਹਿੰਦੀ ਬੋਲੀ ਜਾਂਦੀ ਹੈ। ਸਾਡਾ ਨਾ ਅੰਗ੍ਰੇਜ਼ੀ ਨਾਲ ਵਿਰੋਧ ਹੈ, ਨਾ ਹਿੰਦੀ ਨਾਲ ਵਿਰੋਧ ਹੈ। ਅਸੀ ਜਿੰਨੀਆਂ ਵੀ ਜ਼ੁਬਾਨਾਂ ਸਿੱਖੀਏ ਪਾਤਰ ਸਾਹਿਬ ਤੁਸੀਂ ਬਹੁਤ ਠੀਕ ਕਿਹਾ ਹੈ ਸਾਡੀ ਸਿੱਖਣ ਦੀ ਤਰਤੀਬ ਠੀਕ ਹੋ ਜਾਵੇ।

ਬੰਗਲੌਰ ਰਹਿੰਦਿਆਂ ਹੋਇਆਂ ਮੈਂ ਵੇਖਿਆ ਕਿ ਸਾਡੇ ਨਾਲ Scientist ਨੇ ਤਾਮਿਲ ਨੇ, ਕੁਝ ਕੰਨੜ ਨੇ, ਉਹ ਸਾਰੇ ਹੀ ਮੈਂ ਕਹਿ ਲਵਾਂ ਬਹੁਤ ਜਿਆਦਾ ਪੜ੍ਹੇ ਹੋਏ ਨੇ, ਘੱਟ ਤੋਂ ਘੱਟ ਐਮ.ਐਸ.ਸੀ. ਜਾਂ ਪੀ.ਐਚ.ਡੀ ਹੋਣ ਗੇ, ਅਸੀਂ ਇੱਕਠੇ ਬੈਠੇ ਹੋਵਾਂਗੇ, ਉਨ੍ਹਾਂ ਦੀ ਮਜ਼ਬੂਰੀ ਹੈ ਉਨ੍ਹਾਂ ਮੇਰੇ ਨਾਲ ਅੰਗ੍ਰੇਜ਼ੀ ਬੋਲਣੀ ਹੈ। ਜਦੋਂ ਕਿ ਆਫ਼ਿਸ ਤੋਂ ਬਾਹਰ ਕਦੀ ਵੀ ਆਪਸ ਵਿੱਚ ਬੈਠੇ ਅੰਗ੍ਰੇਜ਼ੀ ਵਿੱਚ ਗੱਲ ਨਹੀਂ ਕਰਨਗੇ, ਉਹ ਤਾਮਿਲ ਜਾਂ ਕੰਨੜ ਬੋਲਣਗੇ। ਜੇ ਏਨੇ ਪੜ੍ਹੇ ਲਿਖੇ ਲੋਕ ਪੰਜਾਬੀ ਬੈਠੇ ਹੋਣਗੇ, ਉਹ ਕਦੇ ਵੀ ਪੰਜਾਬੀ ਨਹੀ ਬੋਲਣਗੇ। ਉਹ ਇੱਕ ਦਮ ਅੰਗ੍ਰੇਜ਼ੀ ਵਿੱਚ ਗੱਲ ਕਰਨ ਲੱਗ ਜਾਣ ਗੇ।

ਮੈਂ ਇਹ ਵੀ ਵੇਖਿਆ ਕਿ ਕਈ ਮਾਪੇ ਪਹਿਲੀ ਜਨਰੇਸ਼ਨ ਜਿਨ੍ਹਾਂ ਨੂੰ ਹੋ ਸਕਦਾ ਮਾਤਾ ਪਿਤਾ ਦੋਹਾਂ ਨੂੰ ਅੰਗ੍ਰੇਜ਼ੀ ਬੋਲਣੀ ਨਹੀਂ ਆਉਂਦੀ ਪਰ ਉਨ੍ਹਾਂ ਨੇ ਯਕੀਨ ਕੀਤਾ ਕਿ ਸਾਡੇ ਬੱਚੇ ਪੰਜਾਬੀ ਨਾ ਬੋਲਣ। ਉਨ੍ਹਾਂ ਨੇ ਬੱਚਿਆਂ ਦੇ ਨਾਲ ਟੁੱਟੀ ਫੁੱਟੀ ਅੰਗ੍ਰੇਜ਼ੀ ਬੋਲ ਕੇ ਕੋਸ਼ਿਸ਼ ਕੀਤੀ ਕਿ ਘਰ ਵਿੱਚ ਵੀ ਅੰਗ੍ਰੇਜ਼ੀ ਬੋਲੀਏ। ਇਹ ਪਾਤਰ ਸਾਹਿਬ ਤੁਸੀਂ ਗੱਲ ਕੀਤੀ, ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਜ਼ੁਰਮਾਨਾਂ ਲਾਇਆ ਜਾਂਦਾ ਹੈ। ਇਹ ਇਕ ਲੋਕਾਂ ਨੂੰ ਮੂਵਮੈਂਟ ਬਨਾਉਣ ਦੀ ਜਰੂਰਤ ਹੈ। ਸਕੂਲਾਂ ਦੀ ਕੀ ਜ਼ੁਅਰਤ ਹੈ ਕਿ ਪੰਜਾਬੀ ਬੱਚੇ ਨੂੰ ਪੰਜਾਬੀ ਬੋਲਣ ਤੇ ਜ਼ੁਰਮਾਨਾਂ ਲਾਇਆ ਜਾਵੇ, ਤੇ ਜ਼ੁਰਮਾਨਾਂ ਲਾ ਕੇ ਫਿਰ ਉਹ ਪੰਜਾਬ ਵਿੱਚ ਰਹਿ ਜਾਣ।

ਸਾਡੀ ਇਹ ਮਾਂ ਬੋਲੀ ਹੈ। ਸਾਨੂੰ ਪੰਜਾਬੀ ਹੋਣ ਦਾ ਮਾਣ ਹੈ, ਜੇ ਪੰਜਾਬੀ ਹੋਣ ਦਾ ਮਾਣ ਹੈ ਤਾਂ ਸਿਰ ਉੱਚਾ ਕਰਕੇ ਜਿਉਣ ਦਾ ਵੀ ਮਾਣ ਹੈ। ਅਸੀਂ ਅੰਗ੍ਰੇਜ਼ੀ ਸਿੱਖੀਏ, ਅਸੀਂ ਫਰੈਂਚ ਸਿੱਖੀਏ, ਅਸੀਂ ਸਾਰੀਆਂ ਜ਼ੁਬਾਨਾਂ ਸਿੱਖੀਏ, ਪਰ ਉਹ ਸਕੂਲ ਜਿਹੜਾ ਸਾਨੂੰ ਕਹਿੰਦਾ ਹੈ ਕਿ ਤੁਸੀਂ ਸਕੂਲ ਵਿੱਚ ਪੰਜਾਬੀ ਨਹੀਂ ਬੋਲ ਸਕਦੇ, ਪਹਿਲਾਂ ਉਸਨੂੰ ਅਸੀਂ ਪਿਆਰ ਨਾਲ ਸਮਝਾ ਸਕਦੇ ਹਾਂ। ਪਰ ਗੱਲ ਇਹ ਹੈ ਕਿ ਜੇ ਮਾਪੇ ਹੀ ਕਹਿਣ ਕਿ ਮੈਂ ਆਪਣਾ ਬੱਚਾ ਉਥੇ ਭੇਜਣੈ ਜਿਥੇ ਪੰਜਾਬੀ ਨਾ ਹੋਏ, ਜੇ ਮਾਪੇ ਹੀ ਕਹਿਣ ਕਿ ਮੇਰੇ ਘਰ ਵਿੱਚ ਪੰਜਾਬੀ ਨਹੀਂ ਬੋਲੀ ਜਾਣੀ ਚਾਹੀਦੀ, ਫਿਰ ਅਸੀਂ ਸਕੂਲਾਂ ਨੂੰ ਕੀ ਕਹਿਣੈ, ਏਸ ਕਰਕੇ ਇੱਕ ਵੱਡੇ ਜਾਗਰੁਕਤਾ ਦੀ ਲੋੜ ਹੈ ਅਤੇ ਉਹ ਜਾਗਰੁਕਤਾ ਇਹ ਹੈ... ਕਿ ਮੈਂ ਇਸ ਗੱਲ ਦਾ ਬਹੁਤ ਸਤਿਕਾਰ ਕਰਦਾ ਹਾਂ ਕਿ ਤੁਸੀਂ ਇਹ ਬੜਾ ਸੁਹਣਾ ਉੱਦਮ ਕੀਤਾ ਹੈ ਪਰ ਇਹ ਸਾਡੀ ਕਾਨਫਰੰਸ ਤਿੰਨ ਚਾਰ ਸੌ ਬੰਦਿਆਂ ਵਿੱਚ ਨਾ ਰਹਿ ਜਾਵੈ । ਇਹ ਅਖਬਾਰਾਂ ਦੇ ਵਿੱਚ ਛੋਟੀ ਜਿਹੀ ਲੱਗ ਗਈ, ਉਹ ਕਿਸੇ ਨੇ ਪੜ੍ਹ ਲਈ, ਕਿਸੇ ਨੇ ਨਾ ਪੜ੍ਹੀ । ਉਹ ਉਥੋਂ ਤੱਕ ਹੀ ਨਾ ਰਹਿ ਜਾਵੇ। ਇਹ ਸਾਡੀ ਕਾਨਫਰੰਸ 40-50 ਹਜ਼ਾਰ ਤੱਕ ਪੰਜਾਬੀ ਅਟੈਂਡ ਕਰਨ, ਜੇ ਅਸੀਂ ਅੱਗੇਂ ਤੋਂ ਕਰਨੀ ਹੈ। ਜੇ ਇਸਨੂੰ ਅਸੀਂ ਇਸਨੂੰ ਲੋਕਾਂ ਤੱਕ ਪਹੁੰਚਾਣਾ ਹੈ ਤਾਂ

ਇਹ ਬਹੁਤ ਵੱਡੀ ਪੱਧਰ ਤੇ ਹੋਵੇ। ਇਥੇ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਹੋਣ, ਜਿੱਥੇ ਖਾਸ ਨੌਜਵਾਨ ਅਟੈਂਡ ਕਰਨ, ਕਿਉਂਕਿ ਕਦੀ ਵੀ ਕੋਈ ਵੀ ਬਦਲਾਵ ਨੌਜਵਾਨ ਲੈ ਕੇ ਆਉਦੇ ਹਨ, ਉਹ ਬਦਲਾਵ ਨੌਜਵਾਨਾਂ ਤੋਂ ਸ਼ੁਰੂ ਹੋਵੇਗਾ ।ਨੌਜਵਾਨਾਂ ਨੂੰ ਇਸ ਚੀਜ਼ ਦੀ ਅਵੇਅਰਨੈਸ ਹੋਵੇ, ਕਿ ਸਾਨੂੰ ਪੰਜਾਬੀ ਹੋਣ ਦਾ ਕਿੰਨਾਂ ਮਾਣ ਹੋਵੇਗਾ ।

ਵਾਇਸ- ਚਾਂਸਲਰ ਸਾਹਿਬ ਨੇ ਗੱਲ ਕੀਤੀ। ਡਾ. ਬਲਦੇਵ ਸਿੰਘ ਸਾਹਿਬ ਦੀ ਤੇ ਡਾ. ਮਨਮੋਹਨ ਸਿੰਘ ਦੀ ਗੱਲ ਕੀਤੀ ਹੈ, ਕਿ ਉਹਨਾਂ ਨੇ ਗੌਡ ਪਾਰਟੀਕਲ ਬਣਾਇਆ ।ਸਾਨੂੰ ਪੰਜਾਬੀ ਹੋਣ ਤੇ ਮਾਣ ਜਰੂਰ ਹੈ ਪਰ ਪੰਜਾਬੀ ਤੇ ਨਹੀਂ। ਪੰਜਾਬੀ ਤਾਂ ਸਾਰੀ ਦੁਨੀਆਂ ਵਿਚ ਫੈਲ ਗਏ ਨੇ। ਪਰ ਕਈ ਉਹ ਨੇ ਜੋ ਪੰਜਾਬੀ ਭੁੱਲ ਚੁੱਕੇ ਨੇ। ਇਸ ਕਰਕੇ ਸਾਡਾ ਸਾਰਿਆਂ ਤੋਂ ਪਹਿਲਾਂ ਇਹ ਜਰੂਰੀ ਹੈ ਕਿ ਅਸੀਂ ਆਪਣੀ ਧਰੋਹਰ ,ਆਪਣੀ ਸੰਸਕ੍ਰਿਤੀ ਨੂੰ ਅਸੀਂ ਆਪਣੀ ਪੰਜਾਬੀ ਨੂੰ ਤਾਂ ਬਚਾਕੇ ਰੱਖੀਏ। ਜਰੂਰ ਬਚਾਈਏ। ਇਸ ਲਈ ਸਾਨੂੰ ਇਹ ਮਾਣ ਹੋਣਾ ਜਰੂਰੀ ਹੈ

ਪਾਤਰ ਸਾਹਿਬ ਜਰੂਰ ਤੁਸੀਂ ਫੈਸਲਾ ਕਰਕੇ ਨਾਮਧਾਰੀ ਦਰਬਾਰ ਨੂੰ ਜੋ ਸੇਵਾ ਲਾਓਗੇ ਅਸੀਂ ਹਾਜ਼ਰ ਹਾਂ, ਬੇਸ਼ੱਕ ਅਸੀਂ ਸਕੂਲੋਂ ਵਿੱਚ ਪ੍ਰੋਗਰਾਮ ਕਰੀਏ, ਸਕੂਲਾਂ 'ਚ ਜਾਕੇ, ਪੰਜਾਬੀ ਦੇ ਛੋਟੇ-ਛੋਟੇ ਕੰਪੀਟਿਸ਼ਨ ਰੱਖੀਏ, ਅੰਗਰੇਜੀ ਸਕੂਲਾਂ ਨੂੰ ਵੀ ਕਹੀਏ, ਉਹ ਵੀ ਪ੍ਰਵਾਨ ਕਰਨਗੇ ।ਅਸੀਂ ਇਕ ਤਰਾਂ ਨਾਲ ਬੜੇ ਜ਼ੋਰ ਨਾਲ ਅਵੇਅਰਨੈਸ ਲਿਆਈਏ। ਸਾਨੂੰ ਪੰਜਾਬੀ ਹੋਣ ਦਾ ਮਾਣ ਹੈ। ਕੇਵਲ ਇੱਥੇ ਹੀ ਨਹੀਂ ਦੇਸ਼ਾਂ-ਵਿਦਾਸ਼ਾਂ ਵਿੱਚ ਵੀ ਕਰਨ ਦੀ ਜਰੂਰਤ ਹੈ। ਜੇਕਰ ਕੋਈ ਸਾਨੂੰ ਇੰਗਲੈਂਡ ਵਿੱਚ ਬੈਠਾ, ਕਨੇਡਾ ਵਿੱਚ ਬੈਠਾ ਕਹੇ ਕਿ ਮੈਨੂੰ ਜਰੂਰਤ ਹੈ ਪੰਜਾਬੀ ਦੇ ਆਨਲਾਇਨ ਲੈਸਨ ਦਿਓ,ਮੈਨੂੰ ਪੰਜਾਬੀ ਦੀ ਟਿਊਸ਼ਨ ਦਿਓ।ਅਸੀਂ ਉਹ ਵੀ ਸੇਵਾ ਪ੍ਰਦਾਨ ਕਰੀਏ। ਹਰ ਤਰ੍ਹਾਂ ਕਰਕੇ ਅਸੀਂ ਇਹ ਕੋਸ਼ਿਸ ਕਰੀਏ ਅਗਲੇ ਪੰਜ ਜਾਂ ਦੱਸ ਸਾਲ ਲੈ ਕੇ ਚੱਲੀਏ ਕਿ ਸਾਡੇ ਬੱਚਿਆਂ ਨੂੰ ਪੰਜਾਬੀ ਹੋਣ ਦਾ ਮਾਣ ਹੋਵੇ ।

ਹੰਸਪਾਲ ਜੀ ਨੇ ਗੱਲ ਕੀਤੀ ਸੀ ਕਿ ਕਰਨਾਟਕਾ ਜਾਂ ਕੁਝ ਹੋਰ ਜਗ੍ਹਾ ਵਿੱਚ ਜਿਹੜੇ ਬੋਰਡ ਨੇ ਉਥੋਂ ਦੀ ਭਾਸ਼ਾ ਵਿੱਚ ਲਾਏ ਜਾਂਦੇ ਹਨ।ਤੁਸੀਂ ਅੰਗ੍ਰੇਜ਼ੀ ਲਿੱਖ ਸਕਦੇ ਹੋ ਪਰ ਤੁਹਾਨੂੰ ਲੋਕਲ ਭਾਸ਼ਾ ਲਿਖਣੀ ਜਰੂਰੀ ਹੈ। ਜੇ ਤੁਸੀਂ ਉਥੇ ਬੋਰਡ ਲਾਉਣੇ ਨੇ ਤਾਂ ਤੁਹਾਨੂੰ ਕੰਨੜ ਲਿਖਣੀ ਜਰੂਰੀ ਏ।ਅਵੇਅਰਨੈਸ ਇਹ ਹੈ ਕਿ ਸਰਕਾਰ ਨਹੀਂ, ਓਥੋਂ ਦੀਆਂ ਲੋਕਲ ਸੰਸਥਾਵਾਂ ਦੁਕਾਨ ਬੰਦ ਕਰਾ ਦੇਂਦੀਆ ਨੇ। ਏਸ ਕਰਕੇ ਸਾਡੇ ਵਿੱਚ ਏਸ ਮਾਣ ਦਾ ਆਉਣਾ ਜਰੂਰੀ ਹੈ ਕਿ ਅਸੀਂ ਪੰਜਾਬੀ ਹਾਂ, ਅਸਾਂ ਇਸ ਚੀਜ਼ ਨੂੰ ਬਚਾ ਕੇ ਰੱਖਣਾ ਹੈ।

ਗੁਰਬਾਣੀ ਦੀ ਗੱਲ ਕੀਤੀ ਹੈ।ਮੈਂ ਇਹ ਸਮਝਦਾ ਹਾਂ ਕਿ ਜਦੋਂ ਪੰਜਾਬੀ ਤੋਂ ਟੁੱਟ ਜਾਵਾਂਗੇ, ਗੁਰਬਾਣੀ ਤੋਂ ਟੁੱਟ ਜਾਵਾਂਗੇ। ਬੜਾ ਸੋਹਣਾ ਤੁਸੀਂ ਪਾਤਰ ਜੀ ਕਿਹਾ ਹੈ, ਗੁਰਬਾਣੀ ਉਹ ਹੈ ਜਿਸ ਵਿੱਚ ਸੂਫ਼ੀਆਂ ਦੀ ਬਾਣੀ ਹੈ, ਹਿੰਦੂਆਂ ਦੀ ਬਾਣੀ ਹੈ ਹਰ ਭੇਖ ਦੇ ਸੰਤਾ ਦੀ ਬਾਣੀ ਹੈ, ਗੁਰਬਾਣੀ ਧਰਮ ਦੀਆਂ ਦੀਵਾਰਾਂ ਤੋੜ ਸਾਨੂੰ ਇੱਕ ਜਗ੍ਹਾ ਇੱਕਠਿਆਂ ਕਰਦੀ ਹੈ, ਸਾਡੀਆਂ ਸਾਰੀਆਂ ਲੜਾਈਆਂ ਮੁਕਾਂਦੀ ਹੈ।ਏਸ ਕਰਕੇ ਸਾਨੂੰ ਪੰਜਾਬੀ ਪੜ੍ਹਨੀ ਬਹੁਤ ਜਰੂਰੀ ਹੈ।ਸਾਨੂੰ ਆਪਣੇ ਬੱਚਿਆਂ ਨੂੰ ਸਾਡੀ ਧਰੋਹਰ ਨਾਲ, ਸਾਡੀ ਸੰਸਕ੍ਰਿਤੀ ਨਾਲ ਜੋੜਕੇ ਰੱਖਣ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਆਪਣੇ ਬੱਚਿਆਂ ਨੂੰ ਗੁਰਮੱਖੀ ਪੰਜਾਬੀ ਪੜ੍ਹਾ ਸਕੀਏ। ਆਪਾਂ ਰਲ ਮਿਲ ਕੇ ਮੈਂ ਚਾਹੁੰਨਾ ਹਾਂ ਕਿ ਹੋ ਸਕੇ ਬਹੁਤ ਸਾਰੀਆਂ ਕਾਨਫ਼ਰੰਸਾਂ ਨਾਲੋਂ ਇਕ ਹੀ ਕਾਨਫ਼ਰੰਸ ਵੱਡੀ ਕਰਾਈਏ ਜਿਸ ਦਾ ਸਾਰੀ ਦੁਨੀਆਂ ਨੂੰ ਪਤਾ ਲੱਗੇ।ਜਿਸ ਵਿੱਚ ਸੱਭਿਆਚਾਰਕ ਪ੍ਰੋਗਰਾਮ ਹੋਣ, ਜੋ ਸਾਰੀ ਦੁਨੀਆਂ ਵਿੱਚ ਟੈਲੀਕਾਸਟ ਕੀਤੀ ਜਾਵੇ।ਸ਼ੋਸ਼ਲ ਮੀਡੀਆ ਰਾਹੀਂ ਅਵੇਅਰਨੈਸ ਲਿਆਈਏ।

ਪਾਤਰ ਸਾਹਿਬ ਜਿਸ ਤਰਾਂ ਕਹੋਗੇ ਅਸੀਂ ਤੁਹਾਡੇ ਨਾਲ ਹਾਂ, ਆਪਣੇ ਤੌਰ ਤੇ ਸੇਵਾ ਹਰ ਕੋਈ ਕਰ ਰਿਹਾ ਹੈ। ਅਸੀਂ ਇੱਕਠੇ ਹੋ ਕੇ ਕਰਾਂਗੇ ਉਹਦਾ ਅਸਰ ਬਹੁਤ ਜਿਆਦਾ ਹੋਵੇਗਾ। ਮੈਂ ਤੁਹਾਡਾ ਸਾਰਿਆ ਦਾ ਧੰਨਵਾਦ ਕਰਦਿਆਂ ਹੋਇਆਂ ਇਹ ਬੇਨਤੀ ਕਰਦਾ ਹਾਂ ਘੱਟੋ ਘੱਟ ਜਿਹੜੇ ਸੱਜਣ ਏਥੇ ਆਏ ਹੋਏ ਨੇ ਇਹ ਕੋਸ਼ਿਸ਼ ਕਰੋ ਤੁਹਾਡੇ ਪੁੱਤ ਪੋਤਰੇ ਜਰੂਰ ਪੰਜਾਬੀ ਨਾਲ ਜੁੜੇ ਰਹਿਣ,ਤੁਸੀਂ ਘਰ ਵਿੱਚ ਪੰਜਾਬੀ ਬੋਲੋ ਤੁਹਾਡੇ ਬੱਚੇ ਪੰਜਾਬੀ ਬੋਲਣਗੇ। ਮੈਂ ਏਨੇ ਸ਼ਬਦਾਂ ਨਾਲ ਹੀ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਇਸ ਪਾਠ ਦਾ ਦ੍ਰਿਸ਼ ਅੰਮ੍ਰਿਤ ਵੇਲੇ ਦਾ ਦੇਖਣ ਵਾਲਾ ਹੁੰਦਾ ਜਦ ਪਾਠੀ ਵਾਰੋ-ਵਾਰੀ ਉੱਚੀ ਸੁਰ ਨਾਲ ਬੋਲ ਕੇ ਪਾਠ ਅੱਧਾ ਪੱਤਰਾ ਸੁਣਾ ਕੇ ਕਰਦੇ ਤੇ ਉਸ ਵੇਲੇ ਸਲੋਕ ਕਬੀਰ ਦੇ ਜਾਂ ਫ਼ਰੀਦ ਜੀ ਦੇ ਸੰਤ ਦਿਆਲ ਸਿੰਘ ਪੜ੍ਹਦੇ ਤੇ ਕਈ ਵਾਰੀ ਆਪ ਨੇ ਪਾਠ ਕਰਦਿਆਂ ਵੈਰਾਗੀ ਹੋ ਜਾਣਾ। ਇਸ ਮੇਲੇ ਸਮੇਂ ਸੇਠ ਪਰਿਵਾਰ 'ਚੋਂ ਸੇਠ ਗੁਰਮੁਖ ਸਿੰਘ, ਸੇਠ ਨਰੈਣ ਸਿੰਘ 'ਬੀਰ', ਸੇਠ ਮੋਹਰ ਸਿੰਘ, ਸੇਠ ਪਿਆਰਾ ਸਿੰਘ, ਸੇਠ ਰਛਪਾਲ ਸਿੰਘ ਵੀ ਏਥੇ ਸਨ। ਸੇਠ ਗੁਰਮੁਖ ਸਿੰਘ ਜੀ ਤਾਂ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਸਾਢੇ ਤਿੰਨ ਵਜੇ ਦੇ ਕਰੀਬ ਹੀ ਰੋਜ਼ ਧਰਮਸ਼ਾਲਾ ਪਹੁੰਚ ਜਾਂਦੇ ਸਨ। ਉਸ ਵੇਲੇ ਇੱਕਲੇ ਧਰਮਸ਼ਾਲਾ ਉੱਪਰ ਆਪ ਹੀ ਸ਼ਬਦ ਪੜ੍ਹਦੇ ਤੇ ਨਾਲ ਨ੍ਰਿਤ ਵੀ ਕਰਦੇ। ਇਹ ਦ੍ਰਿਸ਼ ਇੱਕ ਦਿਨ ਪਿਤਾ ਜੀ ਨੇ ਸਵੇਰੇ ਪਹੁੰਚ ਕੇ ਆਪ ਅੱਖੀਂ ਵੇਖਿਆ, ਪੌੜੀਆਂ ਵਿੱਚ ਖੜ੍ਹੋ ਕੇ। ਜਦ ਸੇਠ ਜੀ ਨੂੰ ਕਿਸੇ ਦੇ ਆਉਣ ਦਾ ਖੜਾਕ ਹੋਇਆ ਤਾਂ ਆਪ ਆਪਣੇ ਆਸਣ 'ਤੇ ਜਾ ਬੈਠੇ। ਇਸ ਦੇ ਨਾਲ ਹੀ ਸੰਤ ਜੀ ਪਾਠੀਆਂ ਦੀ ਹਾਜ਼ਰੀ ਲਾਉਂਦੇ। ਮੈਨੂੰ ਆਪਣੇ ਦਿਲ ਵਿੱਚ ਬਹੁਤ ਖ਼ੁਸ਼ੀ ਹੋਈ ਕਿ ਇਸ ਪ੍ਰਯੋਗ ਵਿੱਚ ਮੈਂ ਇੱਕ ਦਿਨ ਵੀ ਗ਼ੈਰ-ਹਾਜ਼ਿਰ ਨਹੀਂ ਸੀ ਹੋਇਆ। ਇਹ ਬੰਕੋਕ ਦੀ ਸੰਗਤ ਲਈ ਇੱਕ ਇਤਿਹਾਸਕ ਮੇਲਾ ਸੀ। ਸਾਧ-ਸੰਗਤ ਨੇ ਮਤਾ ਪਾਸ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਰਾਹੀਂ ਬੇਨਤੀ ਲਿਖ ਭੇਜੀ ਜੋ ਭੋਗ ਦਾ ਦਿਨ ਅਗਾਂਹ ਨਿਯਤ ਕੀਤਾ ਹੈ ਤਾਂ ਉਸ ਤੋਂ ਕੁਝ ਦਿਨਾਂ ਬਾਅਦ ਹੀ 'ਸਤਿਜੁਗ' ਰਾਹੀਂ ਇਹ ਲਿਖਿਆ ਗਿਆ ਕਿ ਦੇਸ਼ ਵਿਚ ਵੀ ਸ੍ਰੀ ਸਤਿਗੁਰੂ ਜੀ ਨੇ ਪ੍ਰਯੋਗ ਦੇ ਭੋਗ ਦਾ ਦਿਨ ਦੁਸਹਿਰੇ ਵਾਲੇ ਦਿਨ ਨਿਯਤ ਕੀਤਾ ਹੈ ਤਾਂ ਸਾਧ-ਸੰਗਤ ਵਿੱਚ ਇੱਕ ਖ਼ੁਸ਼ੀ ਦੀ ਲਹਿਰ ਦੌੜ ਗਈ ਕਿ ਗਰੀਬ-ਨਿਵਾਜ਼ ਜੀ ਜਾਣੀ-ਜਾਣ ਬਿਰਦ ਪਾਲਕ ਹਨ ਤੇ ਕਿਵੇਂ ਉਹ ਆਪਣੇ ਸੇਵਕਾਂ ਦੀ ਲੱਜਿਆ ਰੱਖਦੇ ਹਨ। ਭੋਗ ਵਾਲੇ ਦਿਨ ਧਰਮਸ਼ਾਲਾ ਦੇ ਨੇੜੇ ਹੀ ਇੱਕ ਖੇਡ ਮੈਦਾਨ ਵਿੱਚ ਪੰਡਾਲ ਬਣਾਇਆ ਗਿਆ ਤੇ ਨਾਲ ਹੀ ਸਵੇਰੇ ਅੰਮ੍ਰਿਤ ਵੇਲੇ ਵਰਨੀ ਪਾਠ ਇਸੇ ਪੰਡਾਲ ਵਿੱਚ ਕੀਤੇ ਗਏ ਜੋ ਗਿਣਤੀ ਵਿੱਚ ਦੋ ਪਾਠ ਸਨ। ਇਹ ਵੀ ਜੀਵਨ ਵਿੱਚ ਇੱਕ ਨਾ ਭੁੱਲਣ ਵਾਲਾ ਨਜ਼ਾਰਾ ਸੀ। ਜਦ ਭੋਗ ਤੋਂ ਬਾਅਦ ਸਭ ਪਾਠੀਆਂ ਨੇ ਨੰਗੇ ਪੈਰੀਂ ਸੀਸ 'ਤੇ ਬੀੜਾਂ ਰੱਖ ਕੇ ਕੀਰਤਨ ਕਰਦਿਆਂ ਇਹ ਧਰਮਸ਼ਾਲਾ ਪਹੁੰਚਾਈਆਂ। ਉਸ ਵੇਲੇ ਸ੍ਰੀ ਗੁਰੂ ਸਿੰਘ ਸਭਾ ਵਾਲਿਆਂ ਨੇ ਚੰਗਾ ਸਹਿਯੋਗ ਦਿੱਤਾ। ਸਵੇਰੇ ਸ਼ਾਮ ਦੇ ਦੀਵਾਨ ਵਿੱਚ ਵੀ ਉਨ੍ਹਾਂ ਕਾਫ਼ੀ ਗਿਣਤੀ ਵਿੱਚ ਹਾਜ਼ਰੀ ਭਰੀ ਸੀ। ਸ਼ਾਮ ਦੇ ਦੀਵਾਨ ਵਿੱਚ ਇੱਕ ਵੱਡਾ ਹਵਨ ਕੀਤਾ ਗਿਆ ਤੇ ਸੰਤ ਪਰਤਾਪ ਸਿੰਘ 'ਮਸਤਾਨਾ' ਜੀ ਦੀ ਅਗਵਾਈ ਹੇਠ ਕੀਰਤਨ ਹੋਇਆ ਜਿਸਦਾ ਬਹੁਤ ਹੀ ਆਨੰਦ ਸੀ। ਉਸ ਉਪਰੰਤ ਸੇਠ ਗੁਰਮੁਖ ਸਿੰਘ ਜੀ, ਸੇਠ ਨਰੈਣ ਸਿੰਘ ਜੀ 'ਬੀਰ', ਸੰਤ ਕੇਸਰ ਸਿੰਘ ਜੀ, ਸੰਤ ਕਰਤਾਰ ਸਿੰਘ ਨਰੂਲਾ ਆਦਿਕ ਬਹੁਤ ਸੱਜਣਾਂ ਨੇ ਉੱਠ ਕੇ ਭਾਸ਼ਨ ਦਿੱਤੇ। ਉਸ ਵੇਲੇ ਸਾਨੂੰ (ਇਕਬਾਲ ਸਿੰਘ, ਸੁਰਜੀਤ ਸਿੰਘ ਚਾਵਲਾ ਤੇ ਗੁਰਬਖਸ਼ ਸਿੰਘ 'ਹੰਸ') ਵੀ ਪ੍ਰਦੇਸੀ ਪ੍ਰੀਤਮ ਦੀ ਯਾਦ ਵਿੱਚ ਸਾਧ-ਸੰਗਤ ਵਿੱਚ ਖੜ੍ਹੋ ਕੇ ਇੱਕ ਛੋਟਾ ਜਿਹਾ ਗੀਤਾਂ ਭਰਿਆ ਪ੍ਰਸੰਗ ਸੁਣਾਉਣ ਦਾ ਅਵਸਰ ਮਿਲਿਆ। ਇਸ ਵਿੱਚ ਸਤਿਗੁਰੂ ਜੀ ਦੇ ਚਰਨਾਂ ਵਿੱਚ ਦਰਸ਼ਨ ਦੇਣ ਦੀ ਮੰਗ ਸੀ ਅਤੇ ਸਾਡੇ ਲਈ ਇਹ ਪਹਿਲਾ ਅਵਸਰ ਸੀ ਜੋ ਇਸ ਪ੍ਰਕਾਰ ਸੁਣਾਇਆ ਗਿਆ ਪ੍ਰਸੰਗ ਸਾਧ-ਸੰਗਤ ਨੇ ਸ਼ਲਾਘਾ ਨਾਲ ਸਰਵਣ ਕੀਤਾ। ਉਸ ਵੇਲੇ ਜੋ ਗੀਤ ਪੜ੍ਹਿਆ ਗਿਆ ਸੀ ਉਹ ਇਸ ਪ੍ਰਕਾਰ ਸੀ 'ਸਈਓ ਸੱਲ ਬਿਰਹੋਂ ਦਾ, ਸੀਨਾ ਭੁੰਨ ਭੁੰਨ ਖਾਵੇ।' ਗੁਰਬਖਸ਼ ਸਿੰਘ 'ਹੰਸ' ਲਈ ਇਹ ਪਹਿਲਾ ਮੌਕਾ ਸੀ ਜੋ ਸਾਧ-ਸੰਗਤ ਵਿੱਚ ਖੜ੍ਹੋ ਕੇ ਸਾਡਾ ਸਾਥ ਦਿੱਤਾ ਸੀ। ਉਸ ਵੇਲੇ ਹਾਰਮੋਨੀਅਮ ਵਾਜਾ ਵਜਾਉਣ ਦਾ ਅਵਸਰ ਇਕਬਾਲ ਸਿੰਘ ਨੂੰ ਮਿਲਿਆ ਜੋ ਨਾਲ-ਨਾਲ ਪ੍ਰਸੰਗ ਵੀ ਸੁਣਾ ਰਿਹਾ ਸੀ। ਇੱਕ ਹੋਰ ਪੁਰਾਣਾ ਬਚਨ ਬਜ਼ੁਰਗਾਂ ਤੋਂ ਸੁਣਿਆ ਹੋਇਆ ਯਾਦ ਆਇਆ ਲਿਖ ਰਿਹਾ ਹਾਂ ਜੋ ਇਸ ਪ੍ਰਕਾਰ ਹੈ ਕਿ ਪੁਰਾਣੇ ਸਮੇਂ ਦੇ ਸਿੱਖਾਂ ਦੇ ਵਿਚਾਰ ਕਿਹੋ ਜਿਹੇ ਹੁੰਦੇ ਸਨ। ਉਨ੍ਹਾਂ ਦਿਨਾਂ ਵਿੱਚ ਕੇਵਲ ਰਾਤ ਦੇ ਦੀਵਾਨ ਲੱਗਦੇ ਸਨ ਤੇ ਕਈ ਸਿੱਖ ਸੰਗਤ ਵਿਚ ਕੁਵੇਲੇ ਭਾਵ ਦੇਰੀ ਨਾਲ ਪਹੁੰਚਦੇ, ਪੁੱਛਣ 'ਤੇ ਕੋਈ ਬਹਾਨਾ ਪਾ ਛੱਡਦੇ। ਇਸ ਲਈ ਸਾਧ-ਸੰਗਤ ਨੇ ਇੱਕ ਮਤਾ ਪਾਸ ਕੀਤਾ ਕਿ ਕੋਈ ਵੀ ਸਿੱਖ ਨਿਯਤ ਕੀਤੇ ਸਮੇਂ ਤੋਂ ਪਿੱਛੋਂ ਪਹੁੰਚਿਆ ਤਾਂ ਉਸਨੂੰ ਸਾਧ-ਸੰਗਤ ਵਿੱਚ ਦੰਡ ਲੱਗੇਗਾ। ਦੰਡ ਇਸ ਪ੍ਰਕਾਰ ਸੀ: 'ਉਹ ਸਿੱਖ ਧਰਮਸ਼ਾਲਾ ਦਾ ਸੁਨਹਿਰਾ, ਜੋ ਵਜ਼ਨ ਵਿੱਚ ਬਹੁਤ ਭਾਰਾ ਸੀ, ਸਾਧ-ਸੰਗਤ ਵਿੱਚ ਚੁੱਕੇ ਅਤੇ ਜੇ ਉਹ ਨਾ ਚੁੱਕ ਸਕੇ ਤਾਂ ਸਵਾ ਟਿਕਲ (ਉਸ ਵੇਲੇ ਟਿਕਲ ਦੀ ਕੀਮਤ ਬਹੁਤ ਜ਼ਿਆਦਾ ਸੀ) ਦੰਡ ਭਰੇ।' ਅੱਜ ਦੇ ਸਮੇਂ ਦੇ ਹਿਸਾਬ ਨਾਲ ਉਸ ਸਮੇਂ ਦਾ ਸਵਾ ਟਿਕਲ, ਸੌ ਟਿਕਲ ਤੋਂ ਉੱਤੇ ਕੀਮਤ ਰੱਖਦਾ ਹੈ। ਸਾਧ-ਸੰਗਤ ਵਿੱਚ ਕਦੇ-ਕਦਾਈਂ ਕੋਈ ਨਾ ਕੋਈ ਸਿੱਖ ਦੇਰੀ ਨਾਲ ਪਹੁੰਚਣ 'ਤੇ ਉਸਨੂੰ ਸੁਨਹਿਰਾ ਚੁਕਾਇਆ ਜਾਂਦਾ। ਇੱਕ ਦੀਵਾਨ ਸਮੇਂ ਉਸ ਵੇਲੇ ਦੇ ਸੂਬਾ ਸੇਠ ਦਿਆਲ ਸਿੰਘ ਜੀ ਵੀ ਦੇਰੀ ਨਾਲ ਪਹੁੰਚੇ। ਜਦੋਂ ਸਾਧ-ਸੰਗਤ ਨੇ ਉਨ੍ਹਾਂ ਨੂੰ ਵੀ ਦੰਡ ਭਰਨ ਨੂੰ ਕਿਹਾ ਤਾਂ ਸਭ ਦੇ ਮਨ ਵਿੱਚ ਖ਼ਿਆਲ ਸੀ ਇਹ ਸੂਬਾ ਹਨ ਤੇ ਧਨੀ ਵੀ, ਇਹ ਮਾਇਆ ਦਾ ਦੰਡ ਪ੍ਰਵਾਨ ਕਰਨਗੇ।

ਪਰੰਤੂ ਉਹਨਾਂ ਨੇ ਸਾਧ-ਸੰਗਤ ਵਿਚ ਸੁਨਹਿਰਾ ਚੁੱਕ ਕੇ ਦੰਡ ਨੂੰ ਪ੍ਰਵਾਨ ਕੀਤਾ। ਕੁਝ ਸਮੇਂ ਬਾਅਦ ਪਤਾ ਲੱਗਿਆ ਕਿ ਉਹ ਜਾਣ-ਬੁੱਝ ਕੇ ਦੇਰੀ ਨਾਲ ਆਏ ਸਨ ਤਾਂ ਕਿ ਜਾਣ ਸਕਣ ਕਿ ਸੰਗਤ ਉਨ੍ਹਾਂ ਨੂੰ ਸੂਬਾ ਜਾਣਕੇ ਦੰਡ ਲਾਉਂਦੀ ਹੈ ਕਿ ਨਹੀਂ ਤੇ ਉਨ੍ਹਾਂ ਨੇ ਸੁਨਹਿਰਾ ਵੀ ਇਸੇ ਕਰਕੇ ਚੁੱਕਿਆ ਸੀ ਕਿ ਇਹ ਨਾ ਕਿਹਾ ਜਾਵੇ ਕਿ ਉਨ੍ਹਾਂ ਨੇ ਧਨੀ ਹੋਣ ਕਰਕੇ ਮਾਇਆ ਦਾ ਦੰਡ ਪ੍ਰਵਾਨ ਕੀਤਾ ਹੈ। ਸੋ ਇਹ ਨਿਯਮ ਵੀ ਬਹੁਤ ਚਿਰ ਜਾਰੀ ਰਿਹਾ। ਸਮੇਂ ਦਾ ਹਾਲ ਲਿਖਦਿਆਂ-ਲਿਖਦਿਆਂ ਪੁਰਖ਼ਾਂ ਦੇ ਬਚਨ ਯਾਦ ਆਉਣ 'ਤੇ ਉਨ੍ਹਾਂ ਨੂੰ ਇਸ ਲਈ ਲਿਖ ਰਿਹਾ ਹਾਂ ਮਤਾਂ ਫੇਰ ਨਾ ਭੁੱਲ ਜਾਣ। ਕੁੱਝ ਬਚਨ ਤਾਂ ਅੱਖੀਂ ਡਿੱਠੇ-ਸੁਣੇ ਹੋਏ ਹਨ ਤੇ ਕੁਝ ਕੁ ਦਾ ਵੇਰਵਾ ਦੁਬਾਰਾ ਬਜ਼ੁਰਗਾਂ ਪਾਸੋਂ ਸੁਣਕੇ ਲਿਖਣ ਦਾ ਯਤਨ ਕੀਤਾ ਹੈ। ਜੇ ਕੋਈ ਫ਼ਰਕ ਆ ਜਾਵੇ ਤਾਂ ਖ਼ਿਮਾਂ ਪ੍ਰਦਾਨ ਕਰਨੀ ਜੀ। ਕੀਰਤਨ ਕਰਨ ਵਾਲੇ ਸੱਜਣ ਤਾਂ ਕੀਰਤਨ ਕਰਦੇ ਸਨ ਤੇ ਕਦੇ ਜੋਟੀਆਂ ਦੇ ਸ਼ਬਦ ਪੁਰਾਣੇ ਢੰਗ ਨਾਲ ਵੀ ਪੜ੍ਹਦੇ ਤੇ ਸਾਰੀ ਸੰਗਤ ਨੂੰ ਪ੍ਰੇਰਣਾ ਦਿੰਦੇ ਕਿ ਕੋਈ ਸੱਜਣ ਵੀ ਇਸਦਾ ਸਾਥ ਦੇਣ ਤੋਂ ਵਾਂਝਿਆਂ ਨਾ ਰਹੇ। ਫਿਰ ਵੀ ਕਈ ਸਿੱਖ ਝਕ ਜਾਂਦੇ ਨਾਲੇ ਬੋਲਣ ਤੋਂ ਸੰਕੋਚ ਕਰਦੇ ਤਾਂ ਫਿਰ ਉਸ ਲਈ ਸਾਧ-ਸੰਗਤ ਨੇ ਇਹ ਨਿਯਮ ਬਣਾਇਆ ਕਿ ਹਰ ਦੀਵਾਨ ਸਮੇਂ ਇੱਕ ਸਿੱਖ ਖੜ੍ਹਾ ਹੋ ਕੇ ਇੱਕ ਸ਼ਬਦ ਸੁਣਾਇਆ ਕਰੇ, ਇਸ ਤਰ੍ਹਾਂ ਬਾਣੀ ਵੀ ਕੰਠ ਹੋਵੇਗੀ ਤੇ ਹਰ ਇੱਕ ਨੂੰ ਕੀਰਤਨ ਕਰਨ ਦਾ ਅਭਿਆਸ ਵੀ ਹੋਵੇਗਾ। ਸੋ ਇਸ ਚਾਅ ਦੇ ਨਾਲ ਸੰਗਤ ਦੀ ਹਾਜ਼ਰੀ ਵੀ ਜ਼ਿਆਦਾ ਹੁੰਦੀ ਕਿ ਅੱਜ ਉਹਨਾਂ ਪਾਸੋਂ ਸੁਣਿਆ ਜਾਵੇਗਾ। ਜਿਨ੍ਹਾਂ ਨੇ ਕਦੇ ਕੀਰਤਨ ਨਹੀਂ ਸੀ ਕੀਤਾ, ਉਹਨਾਂ ਵਿੱਚੋਂ ਕੁਝ ਕੁ ਨਾਮ ਯਾਦ ਹਨ ਜੋ ਇਸ ਪ੍ਰਕਾਰ ਹਨ: ਸੇਠਾਂ ਦੇ ਪਰਿਵਾਰ ਤੋਂ ਸ਼ੁਰੂ ਹੋ ਕੇ ਫਿਰ ਸੰਤ ਫੂਲਾ ਸਿੰਘ ਜੀ, ਪਿਤਾ ਈਸ਼ਰ ਸਿੰਘ ਜੀ ਮਨਚੰਦਾ, ਲਾਲ ਸਿੰਘ ਕੱਕੜਾਂ ਦਾ, ਭੋਲਾ ਸਿੰਘ ਕੁਕਰੇਜਾ, ਦੂਲਾ ਸਿੰਘ ਸੁਨਿਆਰਾ ਸਿੱਖ ਬੈਂਕੇ ਚੀਮੇ ਦਾ ਆਦਿਕ। ਇਕ ਹਫ਼ਤੇ ਗਿਆਨ ਸਿੰਘ ਕੁਕਰੇਜਾ (ਸੇਠ ਜਸਵੰਤ ਸਿੰਘ ਦਾਨੀ ਦਾ ਪਿਤਾ) ਦੀ ਵਾਰੀ ਆ ਗਈ। ਬਹੁਤਿਆਂ ਦੇ ਮਨ ਵਿੱਚ ਇਹ ਸੀ ਕਿ ਅੱਜ ਰਹਿ ਜਾਏਗਾ ਕਿਉਂਕਿ ਇਸ ਨੇ ਕਦੇ ਵੀ ਕੀਰਤਨ ਦੇ ਨਾਲ ਸਾਥ ਨਹੀਂ ਸੀ ਦਿੱਤਾ ਤੇ ਨਾ ਹੀ ਆਪ ਸ਼ਬਦ ਪੜ੍ਹਿਆ ਹੈ। ਪਰੰਤੂ ਉਸ ਨੇ ਸਾਧ-ਸੰਗਤ ਦਾ ਹੁਕਮ ਮੰਨ ਕੇ ਖੜ੍ਹਾ ਹੋ ਕੇ ਪਹਿਲੀ ਤੁਕ ਪੜ੍ਹੀ ਤਾਂ ਸਾਰੀ ਸੰਗਤ ਦੇ ਮਨਾਂ ਅੰਦਰ ਉਸ ਤੁਕ ਦਾ ਸਵਾਦ ਆ ਗਿਆ। ਉਹ ਤੁਕ ਮੈਨੂੰ ਹਾਲੇ ਵੀ ਯਾਦ ਹੈ ਜੋ ਇਸ ਪ੍ਰਕਾਰ ਹੈ: 'ਚੀਨੀ ਵਾਲੇ ਦਾ ਨਜ਼ਾਰਾ ਮਿਲਦਾ ਮਰ ਮਰ ਕੇ'। ਸੋ ਸਾਧ-ਸੰਗਤ ਵਿੱਚ ਉਹਨਾਂ ਦਿਨਾਂ ਵਿੱਚ ਕਿੰਨੀ ਲਗਨ ਹੁੰਦੀ ਸੀ ਕਿ ਹਰ ਇੱਕ ਨੂੰ ਮੌਕਾ ਦਿੱਤਾ ਜਾਂਦਾ ਸੀ। ਸ੍ਰੀ ਸਤਿਗੁਰੂ ਜੀ ਜਦ ਸੰਨ 1934 ਵਿੱਚ ਪਹਿਲੀ ਵਾਰੀ ਸਿਆਮ ਦੀ ਧਰਤੀ ਨੂੰ ਭਾਗ ਲਾਏ ਸਨ ਤਾਂ ਉਨ੍ਹਾਂ ਦੇ ਵਾਪਿਸ ਦੇਸ਼ ਜਾਣ ਤੋਂ ਬਾਅਦ ਸਾਧ-ਸੰਗਤ ਨੇ ਵਿਚਾਰ ਕੀਤੀ ਕਿ ਇਸ ਵਾਰੀ ਸਾਧ-ਸੰਗਤ ਦਾ ਹਿੱਸਾ ਮਾਇਆ ਵਿੱਚ ਬਹੁਤ ਥੋੜ੍ਹਾ ਪਿਆ ਹੈ, ਬਹੁਤਾ ਸੇਠ ਪਰਿਵਾਰ ਦਾ ਹਿੱਸਾ ਹੈ, ਅੱਗੋਂ ਲਈ ਇੱਕ ਫੰਡ ਕਾਇਮ ਕੀਤਾ ਜਾਵੇ ਜਿਸ ਨਾਲ ਉਗਰਾਹੀ ਕਰਨ ਵੇਲੇ ਸੰਗਤ ਨੂੰ ਤਕਲੀਫ਼ ਨਾ ਹੋਵੇ ਅਤੇ ਇਹ ਫੰਡ ਕੇਵਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਮਿਤ ਹੀ ਹੋਵੇ। ਇਸ ਫੰਡ ਨੂੰ ਸ਼ੁਰੂ ਕੀਤਿਆਂ ਅਜੇ ਥੋੜ੍ਹਾ ਸਮਾਂ ਹੀ ਬੀਤਿਆ ਸੀ ਕਿ ਇੱਕ ਸਿੱਖ ਭੋਲਾ ਸਿੰਘ ਕੁਕਰੇਜਾ ਨੇ ਸਾਧ-ਸੰਗਤ ਵਿੱਚ ਬੈਠਿਆਂ, ਪੁੱਛਿਆ ਕਿ ਨਾਮਧਾਰੀ ਧਰਮਸ਼ਾਲਾ ਦੀ ਆਮਦਨ ਦਾ ਕੀ ਹਿਸਾਬ ਹੈ? ਹਰ ਮਹੀਨੇ ਸੰਗਤ ਪਾਸੋਂ ਸੰਗਰਾਂਦ ਵਾਲੇ ਦਿਨ ਮਾਇਆ ਆਉਂਦੀ ਹੈ। ਸ੍ਰੀ ਗ੍ਰੰਥ ਸਾਹਿਬ ਨੂੰ ਵੀ ਮੱਥਾ ਟੇਕਿਆ ਜਾਂਦਾ ਹੈ ਤੇ ਗੁਰਦੁਆਰੇ ਥੱਲੇ ਦੁਕਾਨਾਂ ਦਾ ਕਿਰਾਇਆ ਵੀ ਆਉਂਦਾ ਹੈ ਤੇ ਸੇਵਾਦਾਰ ਕੇਵਲ ਇੱਕੋ ਹੈ। ਸੋ ਇਸ ਵਾਰ ਕਿੰਨੀ ਕੁ ਮਾਇਆ ਇਕੱਠੀ ਹੋਈ ਹੋਵੇਗੀ? ਉਸਦੀ ਗੱਲ ਨੂੰ ਸੁਣ ਕੇ ਅਣਸੁਣਿਆਂ ਜਿਹਾ ਕਰ ਦਿੱਤਾ ਗਿਆ ਪਰ ਫੇਰ ਦੋ-ਤਿੰਨ ਹਫ਼ਤੇ ਬਾਅਦ ਉਸਨੇ ਫੇਰ ਇਹੀ ਗੱਲ ਛੇੜੀ ਤਾਂ ਵਿਚੋਂ ਕਿਸੇ ਨੇ ਜਵਾਬ ਦਿੱਤਾ ਕਿ ਇਹ ਗੁਰਦੁਆਰਾ ਸੇਠਾਂ ਦਾ ਹੈ ਤੇ ਹੋਰ ਕਿਸੇ ਨੂੰ ਕੋਈ ਹੱਕ ਨਹੀਂ ਇਸ ਬਾਰੇ ਪੁੱਛਣ ਦਾ। ਇਸ ਤੇ 'ਭੋਲਾ ਸਿੰਘ ਨੇ ਇਹ ਗੱਲ ਕਹੀ ਕਿ ਇਹ ਜਗ੍ਹਾ ਭਾਵੇਂ ਸੇਠਾਂ ਦੀ ਹੈ, ਪਰ ਇਸ ਦੀ ਆਮਦਨ ਵਿੱਚ ਸਾਰੀ ਸੰਗਤ ਦਾ ਹਿੱਸਾ ਹੈ। ਸੋ ਇਸਦਾ ਹਿਸਾਬ ਜ਼ਰੂਰ ਹੋਣਾ ਚਾਹੀਦਾ ਹੈ। ਪਰ ਉਸਦੀ ਗੱਲ ਵੱਲ ਪੂਰਾ ਧਿਆਨ ਨਾ ਦਿੱਤਾ ਗਿਆ। ਜਦ ਉਸਨੇ ਫੇਰ ਇਸ ਗੱਲ ਨੂੰ ਉਠਾਉਣਾ ਚਾਹਿਆ ਤਾਂ ਹਰ ਮਹੀਨੇ ਰੱਖੇ ਇੱਕ ਅਖੰਡ ਪਾਠ ਸਮੇਂ ਗੁਰਦੁਆਰੇ ਦੀ ਦੂਜੀ ਛੱਤ 'ਤੇ ਚਾਰ-ਪੰਜ ਸਿੱਖਾਂ ਨੇ ਭੋਲਾ ਸਿੰਘ ਨੂੰ ਮਾਰਿਆ ਕੁੱਟਿਆ। ਉਸੇ ਵੇਲੇ ਮੇਰੇ ਪਿਤਾ ਜੀ ਸੰਤ ਈਸ਼ਰ ਸਿੰਘ ਜੀ ਪਹੁੰਚ ਗਏ ਤੇ ਉਸ ਨੂੰ ਮਾਰ ਪੈਂਦਿਆਂ ਨੂੰ ਛੁਡਾਇਆ। ਜਿਨ੍ਹਾਂ ਸਿੱਖਾਂ ਨੇ ਉਸਨੂੰ ਮਾਰਿਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਸਨ: ਸੰਤ ਸੁੰਦਰ ਸਿੰਘ ਸੇਵਕ, ਸੰਤ ਕਿਰਪਾਲ ਸਿੰਘ 'ਰਮਲੀ', ਸੰਤ ਭਗਤ ਸਿੰਘ 'ਪ੍ਰੇਮੀ', ਸ. ਕਰਮ ਸਿੰਘ ਤੇ ਇੱਕ-ਅੱਧ ਹੋਰ ਸਰੀਰ ਸੀ। ਇਹ ਸਾਰੇ ਸੁਨਿਆਰੇ ਸਿੱਖ ਸਨ। ਭੋਲਾ ਸਿੰਘ ਨੇ ਆਪਣੇ ਵੱਡੇ ਭਰਾ ਗਿਆਨ ਸਿੰਘ ਦੀ ਮੱਦਦ ਨਾਲ ਇਹਨਾਂ ਸਭ ਨੂੰ ਠਾਣੇ ਪਕੜਵਾਇਆ। ਅੰਤ ਵਿੱਚ ਅਦਾਲਤ ਵਿੱਚ ਇਹਨਾਂ ਨੂੰ ਇਸ ਦੋਸ਼ ਲਈ ਜੁਰਮਾਨਾ ਵੀ ਹੋਇਆ ਅਤੇ ਇਸ ਦੇ ਨਾਲ ਉਹ ਫੰਡ ਜਿਸਦਾ ਨਾਮ 'ਗੁਰ-ਦਰਸ਼ਨ ਫੰਡ' ਰੱਖਿਆ ਸੀ, ਉਹ ਵੀ ਚੱਲਣੋਂ ਬੰਦ ਹੋ ਗਿਆ (ਬਜ਼ੁਰਗਾਂ ਪਾਸੋਂ ਸੁਣਿਆ ਹੈ ਕਿ ਉਸ ਵੇਲੇ ਸੰਗਤ ਵਿੱਚ ਸੇਠ ਪਰਿਵਾਰ ਦਾ ਬਹੁਤ ਜ਼ੋਰ ਸੀ ਤੇ ਉਹ ਨਹੀਂ ਸੀ ਚਾਹੁੰਦੇ ਕਿ ਕੋਈ ਅਜਿਹਾ ਫੰਡ ਤਿਆਰ ਹੋਵੇ ਜੋ ਪੁੱਛ-ਗਿੱਛ ਦੇ ਘੇਰੇ ਵਿੱਚ ਆਵੇ। ਇਸ ਉੱਪਰ ਲਿਖੀ ਘਟਨਾ ਵਾਪਰੀ ਨੂੰ ਅਜੇ ਥੋੜ੍ਹਾ ਚਿਰ ਹੀ ਲੰਘਿਆ ਸੀ ਕਿ ਸਾਧ-ਸੰਗਤ ਵਿੱਚ ਫੁੱਟ ਪੈ ਗਈ ਅਤੇ ਨਾਮਧਾਰੀ ਸੁਨਿਆਰੇ ਸਿੱਖਾਂ ਨੇ ਧਰਮਸ਼ਾਲਾ ਜਾਣਾ ਛੱਡ ਦਿੱਤਾ ਅਤੇ ਆਪਣੇ ਘਰਾਂ ਵਿੱਚ ਹੀ ਕੀਰਤਨ-ਕਥਾ ਆਦਿ ਕਰਨ ਲੱਗ ਪਏ। ਸਾਧ-ਸੰਗਤ ਵਿੱਚ ਇੱਕ ਸੁੰਦਰ ਸਿੰਘ ਸੇਵਕ ਤੋਂ ਬਿਨਾਂ, ਹੋਰ ਕੋਈ ਵਾਜਾ ਵਜਾਉਣਾ ਨਹੀਂ ਸੀ ਜਾਣਦਾ ਪਰ ਮੇਰੇ ਭਰਾਤਾ ਕਦੇ-ਕਦਾਈਂ ਸਾਧ-ਸੰਗਤ ਵਿੱਚ ਜਾ ਕੇ ਵਾਜੇ ਨਾਲ ਸ਼ਬਦ ਪੜ੍ਹਦੇ ਹੁੰਦੇ ਸਨ। ਸੋ ਉਨ੍ਹਾਂ ਉਸ ਵੇਲੇ ਤੋਂ ਸਾਧ-ਸੰਗਤ ਵਿੱਚ ਕੀਰਤਨ ਵਾਲਿਆਂ ਦੇ ਨਾਲ ਵਾਜਾ ਵਜਾਉਣਾ ਸ਼ੁਰੂ ਕੀਤਾ ਸੀ। ਸੋ ਇਸ ਵਿਚਰ ਰਹੇ ਸਮੇਂ ਬਸੰਤ ਪੰਚਮੀ ਦਾ ਪੁਰਬ ਆ ਗਿਆ ਤੇ ਸਾਧ-ਸੰਗਤ ਨੇ ਅਖੰਡ ਪਾਠ ਰੱਖਿਆ, ਉਧਰ ਸੁਨਿਆਰੇ

ਸਿੱਖਾਂ ਨੇ ਵੀ ਆਪਣੇ ਘਰਾਂ ਵਿੱਚ ਹੀ ਅਖੰਡ ਪਾਠ ਰੱਖ ਦਿੱਤਾ। ਇਹਨਾਂ ਦੇ ਘਰ ਉਸ ਵੇਲੇ ਇਕੱਠੇ ਹੀ ਸਨ। ਚਾਰ ਪਾਠੀ ਤੇ ਚਾਰ ਧੂਪੀਏ ਸਨ। ਸਾਧਸੰਗਤ ਨੇ ਦੁਪਹਿਰ ਵੇਲੇ ਇੱਕ ਹੋਰ ਅਖੰਡ ਪਾਠ ਰੱਖ ਦਿੱਤਾ ਸਿਰਫ਼ ਇਸ ਕਰਕੇ ਕਿ ਥੋੜ੍ਹੇ ਸਿੱਖ ਇੱਕ ਅਖੰਡ ਪਾਠ ਕਰ ਸਕਦੇ ਹਨ ਤੇ ਇਧਰ ਬਾਕੀ ਦੀ ਸਾਰੀ ਸੰਗਤ ਇੱਕੋ ਪਾਠ ਕਰੇ, ਇਹ ਠੀਕ ਨਹੀਂ ਤੇ ਦੂਜੇ ਰੱਖੇ ਗਏ ਪਾਠ 'ਤੇ ਤਕੜੇ ਪਾਠੀ ਲਾ ਕੇ ਦੂਜੇ ਦਿਨ ਭੋਗ ਵੀ ਇਕੱਠੇ ਪਾਏ ਗਏ। ਇਹ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਪਤਾ ਨਹੀਂ ਕਿਸੇ ਵੇਲੇ ਕੋਈ ਬੀਜਿਆਂ ਹੋਇਆ ਫੁੱਟ ਦਾ ਬੀਜ ਕਦੋਂ ਉੱਗ ਪੈਣਾ ਹੈ ਤੇ ਉਸ ਨੇ ਸਭ ਨੂੰ ਖ਼ਰਾਬ ਕਰਨਾ ਹੈ। ਫਿਰ ਕੁੱਝ ਸਮੇਂ ਬਾਅਦ ਹੀ ਆਪਸ ਵਿੱਚ ਰਾਜ਼ੀਨਾਮਾ ਹੋਣ 'ਤੇ ਦੀਵਾਨ ਇਕੱਠੇ ਇੱਕੋ ਥਾਂ ਹੀ ਲੱਗਦੇ ਰਹੇ। ਇੱਥੇ ਇੱਕ ਹੋਰ ਬਚਨ ਯਾਦ ਆਇਆ ਲਿਖ ਰਿਹਾ ਹਾਂ ਕਿ ਨੌਜਵਾਨਾਂ ਨੂੰ ਅੱਗੇ ਲਿਆਉਣ ਦਾ ਉੱਦਮ ਤੇ ਸਭਾ ਸੁਸਾਇਟੀਆਂ ਵਿੱਚ ਬੋਲਣ ਦਾ ਉੱਦਮ ਭਗਤ ਸਿੰਘ 'ਪ੍ਰੇਮੀ' ਦਾ ਹੈ ਜੋ ਇਸ ਪ੍ਰਕਾਰ ਹੈ: ਪੁਰਾਤਨ ਕਵੀ ਤਾਂ ਇੱਥੇ ਕਵਿਤਾ ਲਿਖਦੇ ਹੀ ਸਨ ਤਾਂ ਹੋਰ ਨਵੇਂ ਕਵੀਆਂ ਨੂੰ ਪ੍ਰੇਰਨਾ ਦੇ ਕੇ ਵੀ ਕਵਿਤਾ ਲਿਖਣੀ ਸ਼ੁਰੂ ਕਰਵਾਈ ਜੋ ਹਰ ਮਹੀਨੇ ਕਵੀ ਦਰਬਾਰ ਸੰਨ 1940-41 ਵਿੱਚ ਸ਼ੁਰੂ ਕੀਤੇ ਤੇ ਹਰ ਮਹੀਨੇ ਇਸ ਲਈ ਪ੍ਰਧਾਨਗੀ ਲਈ ਸੰਗਤ ਵਿਚੋਂ ਉਨ੍ਹਾਂ ਸਿੱਖਾਂ ਨੂੰ ਮਾਣ ਦਿੱਤਾ ਜੋ ਬਹੁਤ ਘੱਟ ਹੀ ਅਗਾਂਹ ਹੁੰਦੇ ਸਨ। ਸਭ ਤੋਂ ਪਹਿਲੀ ਵਾਰੀ ਦੋ ਸਮੱਸਿਆਵਾਂ ਰੱਖੀਆਂ ਗਈਆਂ। ਬੈਂਤ ਲਈ 'ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ' ਤੇ ਕਬਿਤ ਲਈ 'ਦਾਗ ਲੱਗੇ ਨਾ ਲੰਗੋਟੀ ਨੂੰ'। ਮੈਨੂੰ ਵੀ ਉਸ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਮਿਲੀ ਤੇ ਬੈਂਤ ਦੀ ਸਮੱਸਿਆ ਤੇ ਪਹਿਲੀ ਵਾਰ ਕਵਿਤਾ ਲਿਖ ਸਕਿਆ। ਇਸ ਤਰ੍ਹਾਂ ਉਤਸ਼ਾਹ ਮਿਲਣ ਨਾਲ ਕਵਿਤਾ ਲਿਖਣ ਦਾ ਅਭਿਆਸ ਬਣ ਗਿਆ ਤੇ ਹੋਰ ਵੀ ਕਈ ਨਵੇਂ-ਨਵੇਂ ਕਵੀ ਉਸ ਵੇਲੇ ਕਵਿਤਾ ਲਿਖਣ ਲਈ ਆ ਗਏ। ਗੁਰਬਖ਼ਸ਼ ਸਿੰਘ 'ਹੰਸ', ਹਰਦਿਆਲ ਸਿੰਘ ਮਾਟਾ, ਨਰੈਣ ਸਿੰਘ ਸੇਠੀ, ਗੁਰਬਚਨ ਸਿੰਘ ਰਾਹੀ ਤੇ ਲਾਭ ਸਿੰਘ ਮਾਟਾ ਦਾ ਨਾਮ ਖ਼ਾਸ ਵਰਣਨ ਯੋਗ ਹੈ। ਉਸ ਵੇਲੇ ਸੰਨ 1941 ਦਾ ਸਮਾਂ ਸੀ ਤੇ ਯੂਰਪ ਵਿੱਚ ਸੰਨ 1939 ਤੋਂ ਜੰਗ ਲੱਗੀ ਹੋਈ ਸੀ। ਇਹ ਡਰ ਮਹਿਸੂਸ ਹੋ ਰਿਹਾ ਸੀ ਕਿ ਮਤਾਂ ਸਾਰਾ ਸੰਸਾਰ ਹੀ ਇਸਦੀ ਲਪੇਟ ਵਿੱਚ ਨਾ ਆ ਜਾਏ। ਇਸ ਡਰ ਤੋਂ ਬਹੁਤ ਸਾਰੇ ਪਰਿਵਾਰ ਦੇਸ਼ ਚਲੇ ਗਏ ਸਨ ਤੇ ਕਈ ਆਪ ਇੱਥੇ ਰਹਿ ਗਏ ਤੇ ਬਾਲ-ਬੱਚਿਆਂ ਨੂੰ ਦੇਸ਼ ਭੇਜ ਦਿੱਤਾ ਸੀ। ਸੰਗਤ ਵਿੱਚ ਉਸੇ ਤਰ੍ਹਾਂ ਕੀਰਤਨ, ਨਿੱਤਨੇਮ ਪ੍ਰਯੋਗ, ਅਖੰਡ ਪਾਠ ਤੇ ਗੁਰਪੁਰਬ ਮਨਾਏ ਜਾਂਦੇ। ਉਸ ਵੇਲੇ ਸੰਤ ਨਰੈਣ ਸਿੰਘ 'ਬੀਰ' ਤੋਂ ਬਿਨਾਂ ਹੋਰ ਸਾਰਾ ਸੇਠ ਪਰਿਵਾਰ ਜੰਗ ਦੇ ਡਰ ਤੋਂ ਦੇਸ਼ ਚਲਾ ਗਿਆ ਸੀ। ਸੰਨ 1941 ਵਿੱਚ ਦਸੰਬਰ ਦੇ ਮਹੀਨੇ (ਸਿਆਮ) ਥਾਈਲੈਂਡ ਵੀ ਇਸ ਯੁੱਧ ਦੀ ਲਪੇਟ ਵਿੱਚ ਆ ਗਿਆ। ਹਵਾਈ ਜਹਾਜ਼ ਰਾਹੀਂ ਬੰਬ ਸੁੱਟੇ ਜਾਂਦੇ ਤੇ ਅਨੇਕਾਂ ਬੇਦੋਸ਼ ਮਾਰੇ ਗਏ। ਇਸ ਤੋਂ ਡਰਦਿਆਂ ਸਭ ਸੰਗਤ ਸ਼ਹਿਰ ਤੋਂ ਦੂਰ ਜਾ ਵੱਸੀ ਤੇ ਕੀਰਤਨ ਉੱਥੇ ਬਾਹਰ ਹੀ ਹੁੰਦੇ। ਹੌਲੀ-ਹੌਲੀ ਉੱਥੇ ਪਾਠ ਤੇ ਵਰਨੀਆਂ ਵੀ ਹੁੰਦੀਆਂ (ਨੋਟ: ਜੰਗ ਦੇ ਸ਼ੁਰੂ ਵਿੱਚ ਗਰੀਬ-ਨਿਵਾਜ਼ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇੱਕ ਮੁਸਲਮਾਨ ਅਰਬ ਨੂੰ ਸੁਪਨੇ ਵਿੱਚ ਦਰਸ਼ਨ ਦਿੱਤੇ ਤੇ ਹੁਕਮ ਕੀਤਾ ਕਿ ਮੇਰੇ ਸਿੱਖਾਂ ਨੂੰ ਕਹਿਣਾ "ਇਕੱਠੇ ਸ਼ਹਿਰੋਂ ਦੂਰ ਜਾ ਵੱਸਣ ਤੇ ਗਊਆਂ ਮੱਝਾਂ ਰੱਖ ਲੈਣ। ਸੋ ਇਹ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਗਊਆਂ ਮੱਝਾਂ ਰੱਖ ਕੇ ਖ਼ੁਸ਼ੀਆਂ ਮਿਲੀਆਂ ਕਿਉਂਕਿ ਦੂਜੇ ਲੋਕਾਂ ਨੂੰ ਦੁੱਧ-ਘਿਉ ਦੀ ਬਹੁਤ ਤਕਲੀਫ਼ ਆਉਂਦੀ ਸੀ। ਇਸ ਮੁਸਲਮਾਨ ਅਰਬ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਚੰਗਮਈ ਵਿਖੇ ਸੰਨ 1934 ਵਿੱਚ ਕੀਤੇ ਸਨ। ਇਸ ਜੰਗ ਦੇ ਦੌਰਾਨ ਬਹੁਤ ਕੀਰਤਨ ਹੋਏ ਖ਼ਾਸ ਕਰਕੇ ਹੂਆ ਸਾਕ ਵਿਖੇ ਸੰਤ ਕਰਤਾਰ ਸਿੰਘ ਪਰਤਾਪ ਸਿੰਘ ਜੀ ਦੇ ਘਰ ਦੁਪਹਿਰ ਵੇਲੇ ਜੋ ਕੀਰਤਨ ਹੋਇਆ, ਉਹ ਵੀ ਇੱਕ ਨਾ ਭੁੱਲਣ ਵਾਲਾ ਕੀਰਤਨ ਹੈ। ਉਸਦਾ ਐਨਾ ਆਨੰਦ ਆਇਆ ਕਿ ਇਸ ਨੂੰ ਕਲਮ ਰਾਹੀਂ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ। ਕੀਰਤਨ ਵਿੱਚ ਵਾਜੇ ਦਾ ਸਾਥ ਸੰਤ ਕਿਰਪਾਲ ਸਿੰਘ ਮਨਚੰਦਾ ਤੇ ਢੋਲਕ ਸੰਤ ਦਿਆਲ ਸਿੰਘ ਤੇ ਕਦੇ ਕਦਾਈਂ ਸੰਤ ਕਰਤਾਰ ਸਿੰਘ ਜਰਗਰ ਵੀ ਵਜਾਉਂਦੇ ਸਨ। ਤਿੰਨ-ਚਾਰ ਘੰਟੇ ਨਿਰੋਲ ਕੀਰਤਨ, ਜਿਸ ਵਿੱਚ ਕੋਈ ਬਚਨ ਜਾਂ ਸਾਖੀ ਨਹੀਂ ਸੀ ਹੁੰਦੀ। ਇਹ ਤਾਂ ਇੱਕ ਅਲੌਕਿਕ ਰਸ ਸੀ ਜਿਸਨੂੰ ਅੱਜ ਵੀ ਯਾਦ ਕੀਤਿਆਂ ਆਨੰਦ ਆਉਂਦਾ ਹੈ। ਸੰਨ 1944-45 ਵਿਚ ਬਹੁਤ ਸੰਗਤ ਬਾਨਕੱਪੀ ਵਿਖੇ (ਸੁਖੁਮ ਵਿਟ) ਮਾਡੀ ਪਾਏ ਡੀ, ਬੌਂਡ ਲੋ, ਸੋਏ ਬਾਂ ਡੋਨ, ਸੋਏ ਆਰੀ ਤੇ ਨਾਲ-ਨਾਲ ਗਲੀਆਂ ਵਿੱਚ ਰਹਿਣ ਲੱਗ ਪਈ ਤੇ ਜਪ-ਪ੍ਰਯੋਗ, ਵਰਨੀਆਂ, ਪਾਠ ਤੇ ਕੀਰਤਨ ਦਾ ਪਰਵਾਹ ਉਸੇ ਤਰ੍ਹਾਂ ਹੀ ਜਾਰੀ ਰਿਹਾ। ਇਸ ਤਰ੍ਹਾਂ ਘਰਾਂ ਵਿੱਚ ਚੰਡੀ ਦੀ ਵਾਰ ਦੀ ਵਰਨੀ ਵਾਰੋ-ਵਾਰੀ ਹੁੰਦੀ ਤੇ ਉਸਤੋਂ ਬਾਅਦ ਇੱਕ ਘੰਟਾ (ਨਿਤਨੇਮ) ਕੀਰਤਨ ਹੁੰਦਾ। ਇਹ ਸੰਨ 1944 ਦਾ ਸਾਲ ਬਤੀਤ ਹੋ ਰਿਹਾ ਸੀ। ਰੋਜ਼ ਪ੍ਰੇਮੀ ਇਕੱਠੇ ਹੁੰਦੇ ਤੇ ਦੀਵਾਨ ਦਾ ਬਹੁਤ ਹੀ ਰਸ ਬਣਦਾ ਤੇ ਇਸ ਰਸ ਦੇ ਅਨੰਦ ਨੂੰ ਲੈਣ ਲਈ ਗ਼ੈਰ-ਨਾਮਧਾਰੀਆਂ ਨੇ ਵੀ ਆਪਣੇ ਘਰਾਂ ਵਿੱਚ ਵਰਨੀਆਂ ਤੇ ਕੀਰਤਨ ਕਰਵਾਏ। ਇਸਦਾ ਅਸਰ ਮਨਾਂ 'ਤੇ ਬਹੁਤ ਹੋਇਆ ਤੇ ਬਹੁਤ ਸਾਰੇ ਸੱਜਣ ਜੋ ਕੁਸੰਗਤ ਕਰਕੇ ਗ਼ਲਤੀਆਂ ਕਰ ਬੈਠੇ ਸਨ, ਉਹਨਾਂ ਸਾਧ-ਸੰਗਤ ਵਿੱਚ ਖੜ੍ਹਾ ਹੋ ਕੇ ਬਖ਼ਸ਼ਿਸ਼ ਮੰਗੀ ਤੇ ਇਹ ਸਿਲਸਿਲਾ ਰੋਜ਼-ਰੋਜ਼ ਵਧਦਾ ਜਾ ਰਿਹਾ ਸੀ। ਇੱਥੋਂ ਤੱਕ ਕਿ ਇੱਕ ਦੋ ਇਹ ਦੀਵਾਨ ਚੰਡੀ ਦੀ ਵਰਨੀ ਤੋਂ ਬਾਅਦ ਸਾਡੇ ਗ੍ਰਹਿ ਜੋ ਉਸ ਵੇਲੇ ਸੁਖੁਮ ਵਿੱਟ ਰੋਡ ਦੀ ਥੌਂਗਲੋ ਗਲੀ ਵਿਖੇ ਲੱਗਾ ਹੋਇਆ ਸੀ, ਸੰਤ ਪਰਤਾਪ ਸਿੰਘ ਮਸਤਾਨਾ ਜੀ ਅਤੇ ਸੰਤ ਕੇਸਰ ਸਿੰਘ ਜੀ ਨੇ ਕੀਰਤਨ ਰਾਹੀਂ ਸਾਧ-ਸੰਗਤ ਵਿਚ ਖੜ੍ਹੋਕੇ ਬਾਣੀ ਦੇ ਪ੍ਰਮਾਣਾਂ ਰਾਹੀਂ ਆਨੰਦ ਬਣਾਇਆ ਹੋਇਆ ਸੀ ਤਾਂ ਕੀਰਤਨ ਕਰਦਿਆਂ ਸ. ਤਰਲੋਚਨ ਸਿੰਘ ਚਾਵਲਾ ਉੱਠ ਕੇ ਖੜ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ : 'ਮੈਨੂੰ ਪਿਛਲੇ ਕੀਤੇ ਕੁਕਰਮਾਂ ਦੀ ਖ਼ਿਮਾ ਬਖ਼ਸ਼ੋ ਤੇ ਮੈਂ ਫਿਰ ਇਹ ਭੁੱਲਾਂ ਨਹੀਂ ਕਰਾਂਗਾ' ਪਰ ਅੱਗੋਂ ਮਸਤਾਨਾ ਜੀ ਨੇ ਮਸਤੀ ਵਿੱਚ ਆ ਕੇ ਬਚਨ ਕੀਤਾ, "ਅੱਗੇ ਤੂੰ ਕਈ ਵੇਰ ਇਸ ਤਰ੍ਹਾਂ ਬਖ਼ਸ਼ਿਸ਼ ਮੰਗ ਫੇਰ ਉਹੋ ਕੁਕਰਮ .

**(ਬਾਕੀ ਦਾ ਸਫਾ 32 ਤੇ).......**

# ਰੁਦ੍ਰ ਅਵਤਾਰ: ਦੱਤਾਤ੍ਰੇਯ

-ਮਾਸਟਰ ਦਰਸ਼ਨ ਸਿੰਘ

ਆਪਣੇ ਚੇਲਿਆਂ ਸਹਿਤ ਜਟਾ ਧਾਰਣ ਕਰਨ ਵਾਲਾ ਮੁਨੀ ਅੱਗੇ ਚੱਲ ਪਿਆ। ਉਹ ਸ਼ਹਿਰਾਂ ਅਤੇ ਪਹਾੜਾਂ ਨੂੰ ਵੇਖਦਾ ਚਲਿਆ ਆ ਰਿਹਾ ਸੀ ਅੱਗੋਂ ਇਕ ਵਣਜਾਰਾ (ਵਪਾਰੀ) ਆਉਂਦਾ ਵੇਖਿਆ ਜਿਸਦੇ ਭੰਡਾਰ ਪਦਾਰਥਾਂ ਨਾਲ ਭਰੇ ਹੋਏ ਹਨ। (ਸਮਾਨ ਦੇ ਲਈ ) ਬਲਦਾਂ ਦੇ ਝੁੰਡ ਲੈ ਕੇ ਚੱਲਿਆ ਆ ਰਿਹਾ ਹੈ ਉਸ ਨੂੰ -

ਰਾਤਿ ਦਿਵਸ ਤਿਨ ਦ੍ਰਬ ਕੀ ਆਸਾ॥
ਬੇਚਨ ਚਲਾ ਛਾਡਿ ਘਰ ਵਾਸਾ॥
ਔਰ ਆਸ ਦੂਸਰ ਨਹੀ ਕੋਈ॥
ਏਕੈ ਆਸ ਬਨਜ ਕੀ ਹੋਈ॥
ਛਾਹ ਧੁਪ ਕੋ ਤ੍ਰਾਸ ਨ ਮਾਨੈ॥
ਰਾਤਿ ਦਿਵਸ ਗਵਨ ਈ ਠਾਨੈ॥
ਪਾਪ ਪੁੰਨ ਕੀ ਔਰ ਨ ਬਾਤਾ॥
ਏਕੈ ਰਸ ਮਾਤ੍ਰਾ ਕੈ ਰਾਤਾ॥

ਉਸਨੂੰ ਰਾਤ ਦਿਨੇ ਧਨ ਦੀ ਹੀ ਇੱਛਾ ਹੈ। ਇਸ ਲਈ ਸੌਦਾ ਵੇਚਣ ਲਈ ਘਰ ਦਾ ਵਾਸਾ (ਰਹਿਣਾ) ਛੱਡ ਕੇ ਤੁਰਿਆ ਹੈ। ਧੁੱਪ ਛਾਂ ਦਾ ਡਰ ਨਹੀਂ ਮੰਨਦਾ, ਰਾਤ ਦਿਨ ਚਲਦਾ ਰਹਿੰਦਾ ਹੈ। ਪਾਪ ਪੁੰਨ ਆਦਿ ਦੀ ਕੋਈ ਗੱਲ ਨਹੀਂ ਜਾਣਦਾ। ਕੇਵਲ ਮਾਇਆ ਦੇ ਰਸ ਵਿਚ ਮਗਨ ਤੁਰਿਆ ਜਾ ਰਿਹਾ ਹੈ। ਉਸ ਨੂੰ ਵੇਖ ਕੇ ਭਗਤ ਦੱਤ ਨੇ ਵਿਚਾਰਿਆ ਕਿ ਜਿਸ ਹਰੀ ਦਾ ਰੂਪ, ਜਗਤ ਵਿਚ ਜਗ ਮਗਾ ਰਿਹਾ ਹੈ, ਜੇ ਇਸ ਵਣਜਾਰੇ ਦੀ ਤਰ੍ਹਾਂ ਇਕਾਗਰ ਚਿੱਤ ਨਾਲ ਉਸ ਹਰੀ ਦੀ ਅਰਾਧਨਾ ਕੀਤੀ ਜਾਵੇ ਤਾਂ ਉਸ ਪਰਮੇਸਰ ਦੀ ਪ੍ਰਾਪਤੀ ਕਰੀਦੀ ਹੈ। ਤਾਂ ਤੇ ਵਣਜਾਰੇ ਨੂੰ ਨੌਵਾ ਗੁਰੂ ਮੰਨ ਕੇ ਚੇਲਿਆਂ ਸਮੇਤ ਅੱਗੇ ਚੱਲ ਪਿਆ। ਜਾਂਦਿਆਂ ਜਾਂਦਿਆਂ:-

"ਕਾਛਨ ਏਕ ਤਹਾ ਮਿਲ ਗਈ ॥
ਸੋਆ ਚੂਕ ਪੁਕਾਰਤ ਭਈ॥"

ਉਸ ਨੂੰ ਇਕ ਕਾਛਨ (ਕੱਛ ਦੇਸ ਦੀ ਅਰਾਇਨ) ਮਿਲੀ, "ਸੋਆ ਚੂਕ ਪੁਕਾਰਤ ਭਈ" ਜੋ ਸਾਗ ਵੇਚ ਰਹੀ ਸੀ। ਇਕ ਟਕ ਹੋਕਾ ਦੇ ਰਹੀ ਸੀ, ਸਾਗ ਲੈ ਲਵੋ, ਸਾਗ ਲੈ ਲਵੋ। (ਚੂਕ-ਇੱਕ ਪ੍ਰਕਾਰ ਦੀ ਪਾਲਕ, ਜਿਸ ਦਾ ਰਸਦਾਇਕ ਸਾਗ ਬਣਦਾ ਹੈ, ਇਹ ਥੋੜਾ ਖੱਟਾ ਹੁੰਦਾ ਹੈ।) ਮਾਲਣ ਨੇ ਹੋਕਾ ਦਿੱਤਾ 'ਸੋਆ ਚੂਕ' (ਪਾਲਕ) ਤਾਂ ਦੱਤ ਨੇ ਮਨ ਵਿਚ ਵਿਚਾਰਿਆ। ਇਸ ਦਾ ਭਾਵ ਹੈ, ਇਹ ਕਹਿੰਦੀ ਹੈ ਸੌਣਾ ਛੱਡੋ, ਸੌਣਾ ਛੱਡੋ। ਇਹ ਵਿਚਾਰ ਕੇ ਉਸ ਨੂੰ ਦਸਵਾਂ ਗੁਰੂ ਮੰਨ ਲਿਆ।

"ਭਾਵ ਯਾਹਿ ਮਨ ਮਾਹਿ ਨਿਹਾਰਾ॥
ਦਸਵੋਂ ਗੁਰੂ ਤਾਹਿ ਬੀਚਾਰਾ॥
ਜੋ ਸੋਵੈ ਸੋ ਮੂਲ ਗਵਾਵੈ॥
ਜੋ ਜਾਗੈ ਹਰਿ ਹ੍ਰਿਦੈ ਬਸਾਵੈ॥
ਸਤਿ ਬੋਲਿ ਯਾ ਕੀ ਹਮ ਮਾਨੀ॥
ਜੋਗ ਧਿਆਨ ਜਾਗੈ ਤੇ ਜਾਨੀ॥

ਜੋ ਸੌਂ ਜਾਵੇਗਾ, ਮੂਲ ਗਵਾ ਲਵੇਗਾ, ਜੋ ਜਾਗਦਾ ਰਹੇਗਾ ਉਹ ਹਰੀ ਨੂੰ ਹਿਰਦੇ ਵਿੱਚ ਵਸਾ ਲਵੇਗਾ। ਅਸਾਂ ਇਸਦੀ ਬੋਲੀ ਸਚ ਮੰਨ ਲਈ ਹੈ। ਇਸ ਵਿਚਾਰ ਨਾਲ ਕਾਛਨ ਨੂੰ ਦਸਵਾਂ ਗੁਰੂ ਮੰਨ ਅੱਗੇ ਚੱਲ ਪਏ।

ਦੱਤ ਜੀ ਬਾਰੇ ਕਲਗੀਧਰ ਪਾਤਸ਼ਾਹ ਲਿਖਦੇ ਹਨ:-

ਸਭ ਹੀ ਕਲਾ ਜੋਗ ਕੀ ਸਾਧੀ॥
ਮਹਾ ਸਿਧਿ ਮੋਨੀ ਮਨਿ ਲਾਧੀ॥
ਅਧਿਕ ਤੇਜ ਅਰੁ ਅਧਿਕ ਪ੍ਰਭਾਵਾ॥
ਜਾ ਲਖਿ ਇਦ੍ਰਾਸਣਿ ਥਹਰਾਵਾ॥

(ਦੱਤ ਨੇ) ਸਾਰੀਆਂ ਜੋਗ ਦੀਆਂ ਕਲਾ ਸਾਧੀਆਂ ਹੋਈਆਂ ਹਨ ਜਿਸ ਦਾ ਤੇਜ ਅਤੇ ਪ੍ਰਭਾਵ ਬੇ ਹਿਸਾਬਾ ਹੋ ਗਿਆ ਹੈ ਜਿਸ ਨੂੰ ਵੇਖ ਕੇ ਇੰਦ੍ਰ ਦਾ ਆਸਣ ਡੋਲ ਗਿਆ ਹੈ। ਇਸ (ਦੱਤ) ਨੇ ਰਾਜ-ਭੋਗ ਨੂੰ ਛੱਡ ਕੇ, ਸੰਨਿਆਸ-ਰਾਜ ਬਣ ਕੇ ਹਰੀ ਦੀ ਭਗਤੀ ਨਾਲ ਪ੍ਰੇਮ ਪਾ ਲਿਆ ਹੈ।

"ਸੁਰਥ ਰਾਜ॥ ਸੰਪਤਿ ਸਮਾਜ॥ ਪੂਜੰਤ ਚੰਡਿ ॥
ਨਿਸਿ ਦਿਨ ਅਖੰਡ॥ ਨ੍ਰਿਪ ਅਤਿ ਪ੍ਰਚੰਡ॥
ਸਭ ਬਿਧਿ ਅਖੰਡ॥ ਸਿਲ ਸਿਤ ਪ੍ਰਬੀਨ॥ ਦੇਵੀ ਅਧੀਨ॥"

ਅੱਗੇ ਗਏ ਤਾਂ ਕੀ ਵੇਖਿਆ, ਸੁਰਥ ਨਾਮ ਦਾ ਰਾਜਾ, ਜਿਸ ਕੋਲ ਧਨ-ਦੌਲਤ ਅਤੇ ਸਾਥੀ ਸੈਨਾ ਬਹੁਤ ਸੀ ਜੋ ਲਗਾਤਾਰ ਦਿਨ ਰਾਤ ਹੀ ਦੇਵੀ ਦੀ ਪੂਜਾ ਕਰਦਾ ਹੈ। ਰਾਜੇ ਦੀ ਆਤਮਾ ਬਹੁਤ ਪ੍ਰਚੰਡ (ਜਗਦੀ ਹੋਈ) ਅਗਨੀ ਸਮਾਨ ਹੈ, ਜੋ ਸ਼ਾਸ਼ਤ੍ਰ ਵਿਦਿਆ ਵਿਚ ਨਿਪੁੰਨ ਹੈ, ਉਸ ਦਾ ਸਰੀਰ ਬਹੁਤ ਕੋਮਲ ਅਤੇ ਸੁੰਦਰ ਹੈ, ਜਿਸ ਨੂੰ ਵੇਖ ਕੇ ਗੰਗਾ ਵੀ ਲੱਜਾਵਾਨ ਹੋ ਰਹੀ ਹੈ, ਜੋ ਦਿਨ ਰਾਤ ਵਿਰਕਤ ਰਹਿੰਦਾ ਹੈ, ਉਸ ਦਾ ਅਦਭੁੱਤ ਸੁਭਾਅ ਅਤੇ ਸੇਵਾ ਨੂੰ ਵੇਖ ਕੇ ਸੰਨਿਆਸ ਦੇਵ ਦੱਤ ਚਿੱਤ ਵਿੱਚ ਬਹੁਤ ਪ੍ਰਸੰਨ ਹੋਇਆ ਅਤੇ ਉਸ ਦੀ ਪ੍ਰੇਮ ਫਾਹੀ ਵਿਚ ਫਸ ਗਿਆ।

ਆਪਣੀ ਬਾਣੀ ਵਿਚ ਕਲਗੀਧਰ ਪਾਤਸ਼ਾਹ ਨੇ ਸੁਰਥ ਰਾਜੇ ਦੇ ਗੁਣਾ ਦਾ ਵਰਨਣ ਬੜੇ ਵਿਸਥਾਰ ਨਾਲ ਕੀਤਾ ਹੈ, ਜੋ ਸਭ ਦਾ ਦਾਸ ਹੈ, ਨਿਰਲੇਪ ਰਹਿਣ ਵਾਲਾ, ਅਗਿਆਨ ਅਤੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ ਆਦਿ। ਇਹੋ ਜਿਹੇ ਪੂਰਨ ਗੁਣਾ ਵਾਲੇ ਸੁਰੱਥ ਰਾਜੇ ਨੂੰ ਵੇਖ ਕੇ(ਦੱਤ ਨੇ) ਗਿਆਰ੍ਹਵਾਂ ਗੁਰੂ ਮੰਨ ਲਿਅ ਹੈ।

ਕਲਗੀਧਰ ਪਾਤਸ਼ਾਹ ਲਿਖਦੇ ਹਨ:-

"ਚਲਾ ਦਤ ਆਗੇ ।ਲਖੇ ਪਾਪ ਭਾਗੇ"

ਸ੍ਰੀ ਦੱਤ ਜੀ ਅੱਗੇ ਤੁਰ ਪਏ ਜਿੰਨ੍ਹਾਂ ਨੂੰ ਵੇਖ ਕੇ ਪਾਪ ਭੱਜ ਜਾਂਦੇ ਹਨ।

"ਲਖੀ ਏਕ ਕੰਨਿਆ ॥ ਤਿਹੂੰ ਲੋਗ ਧੰਨਿਆ॥
ਮਹਾ ਬ੍ਰਹਮਚਾਰੀ॥ ਸੁ ਧਰਮਾਧਿਕਾਰੀ॥
ਲਖੀ ਪਾਨਿ ਵਾ ਕੇ॥ ਗੁਡੀ ਬਾਲਿ ਤਾ ਕੇ ॥
ਖਿਲੈ ਖੇਲ ਤਾ ਸੋ ॥ ਇਸੋ ਹੇਤ ਵਾ ਸੋ॥
ਪੀਐ ਪਾਨਿ ਨਾ ਆਵੈ। ਇਸੋ ਖੇਲ ਭਾਵੈ॥

ਜਟਧਾਰੀ (ਦੱਤ) ਨੇ ਇਕ ਕੰਨਿਆਂ (ਲੜਕੀ) ਨੂੰ ਵੇਖਿਆ ਜਿਸ ਦੇ ਹੱਥ ਵਿੱਚ ਇਕ ਗੁੱਡੀ ਹੈ, ਜਿਸ ਨਾਲ ਉਹ ਲੜਕੀ ਖੇਡ ਰਹੀ ਹੈ, ਉਸ ਦਾ ਖੇਡ ਨਾਲ ਏਨਾ ਹਿੱਤ ਹੈ ਕਿ ਪਾਣੀ ਪੀਣ ਵੀ ਨਹੀਂ ਆਉਂਦੀ, ਉਸ ਨੂੰ ਗੁੱਡੀ ਦੀ ਖੇਡ ਏਨੀ ਚੰਗੀ ਲੱਗਦੀ ਹੈ।

"ਗਏ ਮੋਨ ਮਾਨੀ॥ ਤਰੈ ਦਿਸਟ ਆਨੀ॥

ਨਾ ਬਾਲਾ ਨਿਹਾਰਜੋ। ਨ ਖੇਲੰ ਬਿਸਾਰਜੋ॥"

ਦੱਤ ਜੀ ਜਦ ਬਾਲਿਕਾ ਦੇ ਨੇੜੇ ਗਏ ਤਾਂ ਉਸ ਨੇ ਨਾ ਹੀ ਮੁਨੀ ਵੱਲ ਤੱਕਿਆ ਅਤੇ ਨਾ ਹੀ ਖੇਡ ਨੂੰ (ਛੱਡਿਆ), ਖੇਡ ਵਿਚ ਪੂਰੀ ਮਗਨ ਰਹੀ।

"ਤਬੈ ਦਤ ਰਾਯੰ॥ ਲਖੇ ਤਾਸ ਜਾਯੰ॥

ਗੁਰੂ ਤਾਸ ਕੀਨਾ॥ ਮਹਾ ਮੰਤ੍ਰ ਭੀਨਾ॥"

ਉਸਦੀ ਖੇਡ ਵਿਚ ਇਸ ਤਰ੍ਹਾਂ ਲੀਨਤਾ ਵੇਖ ਕੇ ਉਸ ਨੂੰ ਬਾਰ੍ਹਵਾਂ ਗੁਰੂ ਧਾਰਨ ਕੀਤਾ ਤੇ ਸਮਝਿਆ ਕਿ ਜੇ ਇਸ ਬਾਲਿਕਾ ਵਾਂਗ ਆਰਾਧਨਾ ਕੀਤੀ ਜਾਵੇ ਤਾਂ ਪਰਮ ਪੁਰਖ ਦੀ ਪ੍ਰਾਪਤੀ ਕੀਤੀ ਜਾਵੇਗੀ।ਮੁਨੀ ਜੀ ਅੱਗੇ ਗਏ ਤਾਂ ਕੀ ਤੱਕਿਆ

ਅਵਿਲੋਕ ਸੁ ਭ੍ਰਿਤ ਏਕ॥ ਗੁਨੁ ਮਧਿ ਜਾਸੁ ਅਨੇਕ॥
ਅਧਿ ਰਾਤਿ ਠਾਢਿ ਦੁਆਰ॥ ਬਹੁ ਬਰਖ ਮੇਘ ਫੁਹਾਰ॥
ਜਲ ਮੂਸਲਧਾਰ ਪਰੰਤ। ਨਿਜ ਨੈਨ ਦੇਖਿ ਮਹੰਤ॥

ਇਕ ਭ੍ਰਿਤ (ਪਹਿਰੇਦਾਰ,ਨੌਕਰ) ਜਿਸ ਵਿੱਚ ਅਨੇਕਾਂ ਗੁਣ ਹਨ, ਇੱਕ ਦਰਵਾਜੇ ਅੱਗੇ ਖਲੋਤਾ ਪਹਿਰਾ ਦੇ ਰਿਹਾ ਹੈ। ਅੱਧੀ ਰਾਤ ਦਾ ਸਮਾਂ ਹੈ, ਉੱਤੋਂ ਬੱਦਲ ਬਹੁਤ ਬਰਸ ਰਿਹਾ ਹੈ। ਪਹਿਰੇਦਾਰ ਦੇ ਹੱਥ ਵਿੱਚ ਤਲਵਾਰ ਫੜੀ ਹੋਈ ਹੈ, ਜਿੱਥੇ ਖਲੋਤਾ ਹੈ ਜਰਾ ਜਿੰਨਾ ਵੀ ਪੈਰ ਨਹੀਂ ਚੁਕਦਾ।

"ਜਲ ਪਰਤ ਮੂਸਲਦਾਰ॥ ਗ੍ਰਿਹ ਲੇ ਨ ਓਟ ਦੁਆਰ॥
ਪਸੁ ਪੱਛ ਸਰਬ ਦਿਸਾਨ॥ ਸਭ ਦੇਸ ਦੇਸ ਨਿਧਾਨ॥"

ਮੋਹਲੇਧਾਰ ਵਰਖਾ ਹੋ ਰਹੀ ਹੈ (ਪਰ ਫਿਰ ਵੀ ਉਹ) ਘਰ ਦੇ ਦਰਵਾਜੇ ਦੀ ਓਟ ਨਹੀ ਲੈ ਰਿਹਾ। ਸਭ ਪਸੂ ਪੰਛੀ ਆਪਣੇ ਆਪਣੇ ਦੇਸ(ਟਿਕਾਣਿਆ) ਨੂੰ ਚਲੇ ਗਏ ਹਨ।

"ਇਕ ਪਾਵ ਐਸੇ ਠਾਢ॥ ਰਨ ਖੰਭ ਜਾਨੁਕ ਗਾਡ॥
ਜਿਹ ਭੂਮਿ ਧਾਰਸ ਪਾਵ॥ ਨਹੀਂ ਨੈਕ ਫੇਰਿ ਉਚਾਵ॥
ਨਹੀਂ ਠਾਮ ਭੀਜਸ ਤਉਨ॥ਅਵਿਲੋਕ ਭਇਓ ਮੁਨਿ ਮਉਨ॥"

ਪਰ ਉਹ ਪਹਿਰੇ ਦਾਰ ਇਕ ਪੈਰ ਤੇ ਇਸ ਤਰ੍ਹਾਂ ਖਲੋਤਾ ਹੋਇਆ ਹੈ, ਮਾਨੋਂ ਰਣ-ਭੂਮੀ ਵਿਚ ਖੰਭਾ ਗੱਡਿਆ ਹੋਇਆ ਹੈ। ਜਿਸ ਧਰਤੀ 'ਤੇ ਉਸ ਨੇ ਪੈਰ ਧਰਿਆ ਹੋਇਆ ਹੈ (ਉਸ ਥਾਂ ਤੋਂ) ਫਿਰ ਜਰਾ ਜਿੰਨਾਂ ਵੀ (ਪੈਰ) ਨਹੀਂ ਚੁੱਕਿਆ। ਉਹ ਥਾਂ ਮੂਸਲਧਾਰ ਬਾਰਸ਼ ਹੁੰਦਿਆਂ ਹੋਇਆ ਵੀ ਭਿੱਜ ਨਹੀਂ ਰਿਹਾ।

ਇਹ ਵੇਖ ਕੇ ਮੁਨੀ ਦੱਤ ਚੁੱਪ ਹੋ ਗਿਆ ਤੇ ਫਿਰ :-

"ਗੁਰੁ ਜਾਨਿ ਪਰੀਆ ਪਾਇ॥ ਤਜਿ ਲਾਜ ਸਾਜ ਸਚਾਇ॥
ਤਿਹ ਜਾਨ ਕੈ ਗੁਰਦੇਵ॥ ਅਕਲੰਕ ਦਤ ਅਭੇਵ॥
ਚਿਤ ਤਾਸ ਕੇ ਰਸ ਭੀਨ॥ ਗੁਰ ਤ੍ਰਉਦਸਮੋਂ ਤਿਹ ਕੀਨ॥"

ਲਾਜ ਸਾਜ ਛੱਡ ਕੇ, ਪਹਿਰੇਦਾਰ ਨੂੰ ਗੁਰੂ ਜਾਨ ਕੇ, ਕਲੰਕ ਰਹਿਤ ਦੱਤ ਪੈਰੀਂ ਪੈ ਗਿਆ ਅਤੇ ਤੇਰ੍ਹਵਾਂ ਗੁਰੂ ਮੰਨ ਲਿਆ।ਦੱਤ ਚੇਲਿਆਂ ਸਹਿਤ ਅੱਗੇ ਜਾ ਰਿਹਾ ਹੈ ਜਿਹਨਾਂ ਨੇ ਉਸ (ਦੱਤ) ਨੂੰ ਵੇਖਿਆ, ਕਾਮ ਦੇਵ ਦੇ ਰੂਪ ਵਿਚ ਨਜ਼ਰੀਂ ਆਇਆ ਤੇ ਵੇਖਣ ਵਾਲੀਆਂ ਇਸਤਰੀਆਂ ਰੀਝ ਰਹੀਆਂ ਹਨ ਤੇ ਉਹ:-

"ਚਲੀ ਧਾਇ ਐਸੇ॥ਨਦੀ ਨਾਵ ਜੈਸੇ॥
ਜੁਆ ਬਿਰਧ ਬਾਲੈ॥ ਰਹੀ ਕੋ ਨਾ ਆਲੈ॥
ਲਹੀ ਏਕ ਨਾਰੀ॥ ਧਰਮਾਧਿਕਾਰੀ॥
ਕਿਧੋ ਪਾਰਬਤੀਛੈ॥ ਮਨੋ ਬਾਸਵੀ ਹੈ॥"

ਦੱਤ ਦੇ ਦਰਸ਼ਨਾਂ ਨੂੰ ਇਸ ਤਰ੍ਹਾਂ ਆ ਰਹੀਆਂ ਹਨ।ਜਿਵੇਂ ਨਦੀ ਵਿਚ ਬੇੜੀ ਜਾਂਦੀ ਹੈ। ਜਵਾਨ, ਬਿਰਧ, ਬਾਲਿਕਾਵਾਂ ਕੋਈ ਵੀ ਘਰ ਨਹੀਂ ਰਹੀ ਪਰ ਉਹਨਾਂ ਵਿੱਚੋਂ ਇੱਕ ਇਸਤਰੀ ਵੇਖੀ ਜੋ ਧਰਮ ਵਿਚ ਪੱਕੀ ਪਤੀ-ਧਰਮ ਦੀ ਹੱਕਦਾਰ ਸੀ, ਮਾਨੋ ਉਹ ਪਾਰਬਤੀ ਹੈ ਜਾਂ ਇੰਦਰ ਦੀ ਰਾਣੀ ਹੈ। ਉਸ ਦੇ ਪਤੀ-ਬ੍ਰਤ ਧਰਮ ਅਤੇ ਅਚਾਰ ਨੂੰ ਵੇਖ ਕੇ ਦੱਤ ਅਤੇ ਹੋਰ ਜਟਧਾਰੀ ਉਸ ਦੇ ਚਰਨੀਂ ਲਗੇ (ਕਿਉਂਕਿ) ਉਸ ਦਾ ਤਨ, ਮਨ ਪਤੀ ਦੇ ਪ੍ਰੇਮ ਵਿਚ ਭਿੱਜਾ ਹੋਇਆ ਹੈ। ਉਸ(ਦੱਤ) ਨੇ ਚੌਦਵਾਂ ਗੁਰੂ ਮੰਨਿਆ ਅਤੇ ਆਪਣੇ ਰਾਹ ਪੈ ਗਿਆ।

ਕਲਗੀਧਰ ਪਾਤਸ਼ਾਹ ਜੀ ਦਾ ਇਹ ਕਥਾਵਾਂ ਲਿਖਣ ਦਾ ਮਨੋਰਥ ਇਹ ਸਮਝਾਉਣਾ ਹੈ ਕਿ ਜੇ ਸਾਰੀਆਂ ਕਾਮਨਾਵਾਂ ਦਾ ਤਿਆਗ ਕਰਕੇ ਇਕਾਗਰ ਮਨ ਨਾਲ ਉਸ ਪਰਮ-ਪੁਰਖ ਦੀ ਅਰਾਧਨਾ ਕੀਤੀ ਜਾਵੇ ਤਾਂ ਹੀ ਉਸ ਨਾਲ ਅਭੇਦ ਹੋ ਸਕੀਦਾ ਹੈ। ਕਾਮਨਾਵਾਂ ਤੇ ਕਾਬੂ ਪਾਉਣ ਤੋਂ ਬਿਨਾਂ ਮਨ ਦੀ ਇਕਾਗ੍ਰਤਾ ਨਹੀਂ ਹੋ ਸਕਦੀ ਜਿਸ ਦੇ ਮਨ ਵਿੱਚ ਸੁਰਗ ਦੀ ਇਛਾ ਨਰਕ ਦੇ ਡਰ ਤੋਂ ਬਚਣ ਦੀ ਕਾਮਨਾ ਹੈ ਉਸ ਦਾ ਮਨ ਇਕਾਗਰ ਨਹੀਂ ਹੋ ਸਕਦਾ ਅਤੇ ਮਨ ਦੀ ਇਕਾਗਰਤਾ ਤੋਂ ਬਿਨਾ ਉਸ ਪਰਮ ਪੁਰਖ ਨਾਲ ਅਭੇਦ ਨਹੀਂ ਹੋ ਸਕਦਾ। ਇਸ ਪ੍ਰਥਾਇ ਕਬੀਰ ਜੀ ਦਾ ਵਾਕ ਹੈ :-

"ਸੁਰਗ ਬਾਸ ਨ ਬਾਛੀਐ, ਡਰੀਐ ਨ ਨਰਕਿ ਨਿਵਾਸ॥
ਹੋਨਾ ਹੈ ਸੋ ਹੋਈਐ, ਮਨਹਿ ਨ ਕੀਜੈ ਆਸ॥"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਮਹਾਂ ਵਾਕ ਦੁਆਰਾ ਇਸ ਇਕਾਗ੍ਰਤਾ ਦੀ ਪਰਪੱਕਤਾ ਲਈ ਲਿਖਦੇ ਹਨ :-

"ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸਿ ਕੇ ਬੀਚ ਨ ਆਇਓ॥

**.........(ਚੱਲਦਾ)**

# ਸ਼ਹੀਦ ਭਾਈ ਤਾਰੂ ਸਿੰਘ ਜੀ

✍-ਸੰਤ ਨਿਸ਼ਾਨ ਸਿੰਘ ਜੀ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨਾਲ ਹੀ ਮੁਗਲਾਂ ਵੱਲੋਂ ਸਿੱਖਾਂ ਉੱਤੇ ਦਮਨ-ਚੱਕਰ ਸ਼ੁਰੂ ਹੋ ਗਿਆ (1716 ਈ: ਤੋਂ 1720ਈ. ਤੱਕ)। ਅਬਦੁ-ਸਮਦ ਖਾਂ ਨੇ ਪੰਜਾਬ ਦਾ ਗਵਰਨਰ ਹੁੰਦਿਆਂ ਸਿੱਖਾਂ ਨੂੰ ਦਬਾਉਣ ਲਈ ਹਰ ਯਤਨ ਕੀਤਾ। ਉਸ ਦੇ ਮੁਲਤਾਨ ਦਾ ਸੂਬਾ ਬਨਣ ਤੇ ਉਸ ਦੇ ਪੁੱਤਰ ਜ਼ਕਰੀਆਂ ਖਾਂ ਨੇ ਲਾਹੌਰ ਦਾ ਸੂਬਾ ਬਣਦਿਆਂ ਸਾਰ ਅੱਤ ਹੀ ਚੁੱਕ ਲਈ ਕਿਉਂਕਿ ਉਸ ਨੂੰ ਇਸ ਥਾਂ 'ਤੇ ਨਿਯਤ ਹੀ ਸਿੱਖਾਂ ਨੂੰ ਦਬਾਉਣ ਵਾਸਤੇ ਕੀਤਾ ਗਿਆ ਸੀ। ਉਸ ਨੇ ਆਪਣੇ 20 ਸਾਲ ਦੇ ਕਾਰਜ ਕਾਲ ਦੌਰਾਨ ਸਿੱਖ ਸ਼ਕਤੀ ਨੂੰ ਨਸ਼ਟ ਕਰਨ ਦਾ ਹਰ ਹਰਬਾ ਵਰਤਿਆ। ਕਦੀ ਕੁਝ ਸਿੱਖ ਸਰਦਾਰਾਂ ਨੂੰ ਲਾਲਚ ਦੇ ਕੇ ਆਪਣੇ ਵੱਲ ਕਰਨ ਦੀ ਕੋਸ਼ਿਸ਼, ਕਦੀ ਸਿੱਖਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਅਤੇ ਕਦੀ ਸ਼ਕਤੀ ਨਾਲ ਦਬਾਉਣ ਦੀ ਕੋਸ਼ਿਸ਼। ਇਤਿਹਾਸਕਾਰਾਂ ਦਾ ਮੱਤ ਹੈ ਕਿ ਐਸਾ ਕੋਈ ਜ਼ੁਲਮ ਨਹੀਂ, ਜੋ ਜ਼ਕਰੀਆ ਖਾਨ ਨੇ ਸਿੰਘਾਂ ਦਾ ਖ਼ੁਰਾ ਖੋਜ ਮਿਟਾਉਣ ਵਾਸਤੇ ਨਹੀਂ ਕੀਤਾ।ਪਰੰਤੂ ਆਖਰੀ ਵਰ੍ਹਿਆਂ ਵਿਚ ਤਾਂ ਉਹ ਹੱਦਾਂ ਹੀ ਟੱਪ ਗਿਆ। 1738 ਈ: ਵਿੱਚ ਸਿੱਖਾਂ ਦੀ ਅਤੀ ਸਤਿਕਾਰਯੋਗ ਹਸਤੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਅਗਲੇ ਸਾਲ ਵਿਚ ਹੀ ਨਾਦਰ ਸ਼ਾਹ ਦੁਰਾਨੀ ਦਾ ਹਿੰਦੁਸਤਾਨ ਉੱਤੇ ਹਮਲਾ ਹੋ ਗਿਆ। ਦਿੱਲੀ ਤੱਕ ਉਸਦੇ ਹੜ੍ਹ ਦੇ ਚੜ੍ਹਦੇ ਵੇਗ ਵਰਗੇ ਹਮਲੇ ਨੂੰ ਕੋਈ ਵੀ ਸ਼ਾਸ਼ਕ ਰੋਕ ਨਾ ਸਕਿਆ। (ਇਕੱਲੇ ਦਿੱਲੀ ਸ਼ਹਿਰ ਵਿਚ) ਇੱਕ ਲੱਖ ਤੋਂ ਵੱਧ ਲੋਕਾਂ ਨੂੰ ਕਤਲ ਕਰਕੇ ਕਰੋੜਾਂ ਰੁਪਏ ਦਾ ਮਾਲ, ਕੋਹਿਨੂਰ ਹੀਰਾ ਅਤੇ ਤਖ਼ਤੇ ਤਾਊਸ ਲੁੱਟ ਕੇ ਆਪਣੇ ਦੇਸ਼ ਨੂੰ ਲੈ ਤੁਰਿਆ। ਜਾਂਦੇ ਜਾਂਦੇ ਹਿੰਦੁਸਤਾਨ ਦੀਆਂ 2200 ਬਹੂ-ਬੇਟੀਆਂ ਵੀ ਬੰਨ੍ਹ ਲਈਆਂ। ਜਦੋਂ ਇਹ ਲੁਟੇਰਾ ਕਾਫ਼ਲਾ ਖ਼ੁਸ਼ੀਆਂ ਮਨਾਉਂਦਾ ਹੋਇਆ ਪੰਜਾਬ ਦੀ ਧਰਤੀ ਤੋਂ ਗੁਜ਼ਰ ਰਿਹਾ ਸੀ ਤਾਂ ਚੋਰਾਂ ਨੂੰ ਮੋਰ ਪੈ ਗਏ। ਖਾਲਸੇ ਨੇ ਜਿੱਥੇ ਇਸ ਲੁੱਟ ਦੇ ਮਾਲ ਵਿਚੋਂ ਆਪਣਾ ਹਿੱਸਾ ਵੰਡਾਇਆ, ਉਥੇ ਪਰ-ਉਪਕਾਰੀ ਭਾਵਨਾ ਤਹਿਤ 2200 ਬਹੂ-ਬੇਟੀਆਂ ਵੀ ਦੁਰਾਨੀਆਂ ਦੇ ਕਬਜ਼ੇ ਵਿਚੋਂ ਛੁਡਾ ਕੇ ਸਤਿਕਾਰ ਸਹਿਤ ਉਨ੍ਹਾਂ ਨੂੰ ਘਰਾਂ ਵਿੱਚ ਭੇਜ ਦਿੱਤਾ ਗਿਆ।

ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਸ਼ੇਰ ਦੀ ਦਾੜ੍ਹ ਵਿਚੋਂ ਮਾਸ ਕੱਢਣ ਵਾਲੇ ਇਹ ਲੋਕ ਕੌਣ ਹਨ? ਇਹ ਕਿੱਥੇ ਰਹਿੰਦੇ ਹਨ? ਮੈਂਨੂੰ ਦੱਸ। ਮੈਂ ਇਹਨਾਂ ਦਾ ਘਰ ਘਾਟ, ਇਨ੍ਹਾਂ ਦੀਆਂ ਬਸਤੀਆਂ ਸਾੜ ਕੇ ਸੁਆਹ ਕਰ ਦੇਵਾਂ। ਏਨੇ ਵਧੇ ਹੋਏ ਲੋਕ ਜੋ ਮੇਰੇ ਨਾਮ ਤੋਂ ਵੀ ਨਹੀਂ ਡਰੇ, ਤੂੰ ਹੁਣ ਤੱਕ ਕਿਉਂ ਨਹੀਂ ਮਾਰ ਮੁਕਾਏ ? ਜ਼ਕਰੀਆ ਖਾਨ ਦਾ ਜੋ ਉੱਤਰ ਸੀ ਉਸ ਨੂੰ ਭਾਈ ਰਤਨ ਸਿੰਘ ਜੀ ਭੰਗੂ ਇਸ ਤਰ੍ਹਾਂ ਲਿਖਦੇ ਹਨ:-

ਤਬ ਖਾਨੂੰ ਨੇ ਐਸ ਬਖਾਨੀ। ਮੁਲਕ ਉਸੈ ਕੀ ਨਾਹਿ ਨਿਸ਼ਾਨੀ।
ਖੜੇ ਸੋਵੈਂ ਔ ਚਲਤੇ ਖਾਂਹਿ। ਨਹਿ ਬੈਠੈਂ ਵੇ ਕਿਤੇਂ ਗਿਰਾਇੰ।
ਨੂਨ ਘਿਰਤ ਕੋ ਸਵਾਦ ਨਾ ਜਾਨੈ।ਹਮ ਦੁੱਖ ਦੈਵੇਂ ਵੈ ਸੁਖ ਮਾਨੈਂ।ਏਕ ਹੋਇ ਤਾਂ ਸੌ ਸੌ ਲਰੈਂ।ਮਰਨੇ ਤੇ ਵੈ ਮੂਲ ਨਾ ਡਰੈਂ।
ਦੋਹਰਾ॥ ਰਹੈ ਚਾਉ ਉਨ ਮਰਨ ਕੋ ਦੀਨ ਮਜ਼ਹਬ ਕੇ ਭਾਇ।
ਹਮ ਮਾਰਤ ਉਨ ਥੱਕ ਗਏ ਉਇ ਘਟਤ ਨ ਕਿਤਹੂੰ ਦਾਇ।
ਹਾੜ ਨ ਦਿਨ ਭਰ ਪੀਵੈ ਪਾਨੀ।ਸੁਖਾਲੈ ਮਰੈ ਨਾ ਅਗਨਿ ਨਿਸ਼ਾਨੀ
ਨਹਿੰ ਖਾਵੈਂ ਵੈ ਪੀਸਜੋ ਨਾਜ। ਲੜੈਂ ਬਹੁਤ ਵੈ ਕਰਕੇ ਭਾਜ।

ਇਹ ਸੁਣ ਕੇ ਨਾਦਰ ਸ਼ਾਹ ਨੇ ਕਿਹਾ ਸੀ, ਯਾਦ ਰੱਖੀ ਇਹ ਇਕ ਦਿਨ ਰਾਜ ਕਰਨਗੇ। ਇਹਨਾਂ ਕੋਲੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ। ਜ਼ਕਰੀਏ ਨੇ ਨਾਦਰ ਸ਼ਾਹ ਦਾ ਇਸ਼ਾਰਾ ਸਮਝ ਕੇ ਸਿੱਖਾਂ ਨੂੰ ਖਤਮ ਕਰਨ ਲਈ ਲੱਕ ਬੰਨ੍ਹ ਲਿਆ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾਣ ਲੱਗੇ। ਇਹ ਸਮਝ ਕੇ ਕਿ ਸਿੱਖ ਅੰਮ੍ਰਿਤਸਰ ਤੋਂ ਤਾਕਤ ਲੈਂਦੇ ਹਨ। ਸਰੋਵਰ ਪੂਰਨ ਦਾ ਪ੍ਰੋਗਰਾਮ ਬਣਾ ਕੇ ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕੋਤਵਾਲ ਥਾਪਿਆ ਗਿਆ। ਉਸ ਪਾਪੀ ਵਲੋਂ ਕੀਤੀ ਦਰਬਾਰ ਅਤੇ ਸਰੋਵਰ ਦੀ ਬੇਅਦਬੀ ਨੂੰ ਨਾ ਸਹਾਰਦਿਆਂ ਹੋਇਆਂ ਦੋ ਸੂਰਮਿਆਂ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਚਿੱਟੇ ਦਿਨ ਮੱਸੇ ਦਾ ਕਤਲ ਕਰਕੇ ਉਸ ਦੀ ਕਰਨੀ ਦਾ ਫਲ ਚਖਾਇਆ। ਖਾਨ ਬਹਾਦਰ ਵਲੋਂ ਹੋਰ ਸਖ਼ਤੀ ਕਰਨ 'ਤੇ ਇਹ ਸਥਿਤੀ ਬਣ ਗਈ :-

ਟੋਲ ਟੋਲ ਸਿੰਘਨ ਕੋ ਮਾਰੇ॥
ਜੈਸੇ ਮਾਰੇ ਟੋਲ ਸ਼ਿਕਾਰੀ॥
ਜੋ ਸਿੰਘਨ ਕੋ ਆਨ ਬਤਾਵੈ॥
ਤੁਰਤ ਮਾਨਸ ਸੁ ਭਾਹਿ ਦਿਵਾਵੈ॥

ਪੱਟੀ ਦਾ ਚੌਧਰੀ ਸਾਹਿਬ ਰਾਏ, ਛੀਨੇ ਦਾ ਕਰਮਾ, ਰਾਮਾ ਰੰਧਾਵਾ,ਚੂਹੜ ਮੱਲ ਅਤੇ ਹਰਿਭਗਤ ਨਿਰੰਜਨੀਆ ਕੋਈ ਵੀ ਮੌਕਾ ਹੱਥੋਂ ਖਾਲੀ ਨਹੀਂ ਸੀ ਜਾਣ ਦਿੰਦੇ। ਨਿਰੰਜਨੀਆ ਤਾਂ ਸਭ ਤੋਂ ਮੂਹਰੇ ਹੋ ਕੇ ਸਿੱਖਾਂ ਦਾ ਮਲੀਆ ਮੇਟ ਕਰਨ 'ਤੇ ਤੁਲਿਆ ਹੋਇਆ ਸੀ। ਇਹ ਦਿਨ ਸਿੱਖਾਂ ਦੇ ਸਭ ਤੋਂ ਮੁਸ਼ਕਿਲ ਭਰੇ ਦਿਨ ਸਨ। ਸਿੰਘ ਘਰ-ਬਾਰ ਛੱਡ ਕੇ ਦੂਰ ਨੇੜੇ ਜੰਗਲਾਂ ਅਤੇ ਪਹਾੜਾਂ ਦਾ ਆਸਰਾ ਲੈ ਬੈਠੇ।

ਪਰ ਗੁਰੂ ਵਿਸ਼ਵਾਸ ਸਿੱਖੀ ਆਚਰਨ ਅਤੇ ਚੜ੍ਹਦੀ ਕਲਾ ਵਾਲੇ ਸਿੰਘ ਹਾਲੇ ਵੀ ਕਿਤੇ ਨਾ ਕਿਤੇ ਹਕੂਮਤ ਨੂੰ ਆਪਣੇ ਹੱਥ ਦਿਖਾ ਜਾਂਦੇ ਹਨ। ਜ਼ਕਰੀਆ ਖਾਨ ਨੇ ਇੱਕ ਦਿਨ ਸਭ ਚੌਧਰੀਆਂ ਨੂੰ ਸੱਦ ਕੇ ਪੁੱਛਿਆ ਕਿ ਜਦੋਂ ਸਿੰਘਾਂ ਕੋਲ ਕੋਈ ਰੋਟੀ ਪਾਣੀ ਦਾ ਸ੍ਰੋਤ ਹੀ ਨਹੀਂ,ਨਾ ਕੋਈ ਖੇਤੀ-ਵਾਪਾਰ, ਨਾ ਕੋਈ ਗੁਰਦੁਆਰਿਆਂ ਦਾ ਚੜ੍ਹਤ ਚੜ੍ਹਾਵਾ, ਫਿਰ ਵੀ ਇਹ ਕਿਵੇਂ ਵਧੀ ਜਾਂਦੇ ਨੇ ਇਹ ਕਿਵੇਂ ਆਪਣਾ ਡੱਟ ਕੱਢ ਰਹੇ ਹਨ ਅਤੇ ਕਿਸ ਆਸਰੇ ਜ਼ਿੰਦਾ ਹਨ।ਨਿਰੰਜਨੀਏਂ ਨੇ ਦੱਸਿਆ ਕਿ ਪਿੰਡਾਂ ਵਿੱਚ ਰਹਿਣ ਵਾਲੇ ਕਈ ਸਿੱਖ ਕਮਾਈ ਕਰਕੇ ਅੰਨ-ਧਨ ਸਿੰਘਾਂ ਦੇ ਲੁੱਕਵੇਂ ਠਿਕਾਣਿਆਂ 'ਤੇ ਜਾ ਪਹੁੰਚਾਉਂਦੇ ਹਨ।ਜ਼ਕਰੀਆਂ ਖਾਨ ਨੇ ਕਿਹਾ, ਅਜਿਹੇ ਲੋਕਾਂ ਦਾ ਪਤਾ

ਕੀਤਾ ਜਾਵੇ, ਉਹ ਕੌਣ ਹਨ ? ਹਰਿਭਗਤ ਨਿਰਜੰਣੀਏ ਨੇ ਖਾਲਸੇ ਦੇ ਐਸੇ ਇੱਕ ਹਮਦਰਦੀ ਬਾਰੇ ਇਸ ਤਰ੍ਹਾਂ ਦੱਸਿਆ ਹੈ:-

-ਪੂਲੇ ਗ੍ਰਾਮ ਮਾਹਿ ਏਕ ਤਾਰੂ ਸਿੰਘ ਹੈ ਰਹਾਹਿ, ਪੰਥ ਪਾਹਿ ਚਾਹਿ ਸੋਊ ਖਰਚ ਪੁਚਾਵਤੋ।

-ਆਪ ਸੈਹੈ ਦੂਖ ਭੂਖ ਨੰਗ ਸੀਤ ਆਤਪ ਸੋ, ਕਰਕੈ ਮਜੂਰੀ ਪੂਰੀ ਪੰਥ ਕੋ ਖੁਲਾਇ ਹੈਂ।

ਏਕ ਤਾਂ ਕੀ ਮਾਤ ਔਰ ਭਗਨੀ ਰਹਿਤ ਧਾਮ,ਪੀਸ ਕਰਿ ਪੀਸਣਾ ਨ ਸੋ ਭੀ ਆਪ ਖਾਇ ਹੈਂ

ਆਪ ਭੁੰਜੇ ਚਣੇ ਖਾਹਿਂ ਕਰਤ ਗੁਜ਼ਾਰਾ ਵਾਹਿ, ਸਿੰਘਨ ਕੀ ਸੇਵ ਸਿਰੋਂ ਪਰੇ ਹ੍ਵੈ ਕਮਾਇ ਹੈਂ।

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ )

ਇਨ੍ਹਾਂ ਗੱਲਾਂ ਦਾ ਅਸਰ ਕਰਕੇ ਜ਼ਕਰੀਆ ਖਾਨ ਨੇ ਸਿਪਾਹੀ ਭੇਜ ਕੇ ਭਾਈ ਤਾਰੂ ਸਿੰਘ ਅਤੇ ਉਨ੍ਹਾਂ ਦੀ ਭੈਣ ਤਾਰੋ ਨੂੰ ਗ੍ਰਿਫਤਾਰ ਕਰ ਲਿਆ। ਬੰਦੀ ਭੈਣ-ਭਰਾ ਨੂੰ ਪੁਲਿਸ ਦੇ ਕਰਮਚਾਰੀ ਲਾਹੌਰ ਨੂੰ ਲੈ ਤੁਰੇ। ਰਸਤੇ ਵਿੱਚ ਪੈਂਦੇ ਭੜਾਣੇ ਪਿੰਡ ਵਿਖੇ ਪੜਾਅ ਕੀਤਾ। ਉਥੋਂ ਦੇ ਰਹਿਣ ਵਾਲੇ ਸਿੱਖਾਂ ਨੇ ਭਾਈ ਸਾਹਿਬ ਨੂੰ ਅਤੇ ਉਹਨਾਂ ਦੀ ਭੈਣ ਨੂੰ ਸਿਪਾਹੀਆਂ ਕੋਲੋਂ ਛੁਡਵਾਉਣ ਦਾ ਪ੍ਰੋਗਰਾਮ ਬਣਾਇਆ।ਉਹਨਾਂ ਦੇ ਵਿਚਾਰ ਸੀ ਕਿ ਸਿਪਾਹੀਆਂ ਨੂੰ ਮਾਰ ਕੇ ਕੈਦੀ ਭੈਣ ਭਰਾ ਨੂੰ ਛੁਡਾ ਲਿਆ ਜਾਵੇ। ਜਦ ਇਸ਼ਾਰੇ ਨਾਲ ਭਾਈ ਸਾਹਿਬ ਦੀ ਸਹਿਮਤੀ ਲੈਣੀ ਚਾਹੀ ਤਾਂ ਉਨ੍ਹਾਂ ਨੇ ਉੱਤਰ ਦਿੱਤਾ:-

ਜਯੋ ਹਮਰੇ ਗੁਰੂਅਨ ਸਿਰ ਲਾਏ।
ਪੰਥ ਹੇਤ ਨਿਜ ਸੁਤ ਮਰਵਾਏ॥
ਹਮ ਉਨਹੀ ਕੇ ਸਿੱਖ ਕਹਾਵੈਂ।
ਤਾਂ ਅਬਿ ਮਰਨੋਂ ਕਿਉਂ ਡਰਪਾਵੈਂ॥
ਥਿਰ ਨਹਿਂ ਰਹਿ ਹੈ ਜਗ ਮਹਿ ਕੋਈ।
ਪੀਰ ਅਵਤਾਰ ਵਲੀ ਕਿ ਨ ਹੋਈ॥
ਧਰਮ ਹੇਤ ਜੋ ਨਿਜ ਤਨ ਦੈ ਹੈ।
ਸੋ ਨਿਜ ਜਨਮ ਸਫਲ ਕਰ ਲੈ ਹੈ॥

ਭੜਾਣੇ ਪਿੰਡ ਦੇ ਸਿੱਖਾਂ ਨੇ ਅਹਿਦੀਆਂ ਨੂੰ ਮਾਇਆ ਦੇ ਕੇ ਬੀਬੀ ਤਾਰੋ ਨੂੰ ਛੁਡਾ ਲਿਆ। ਭਾਈ ਸਾਹਿਬ ਲਾਹੌਰ ਪਹੁੰਚਾਏ ਗਏ। ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਜਾ ਕੇ ਸਿੰਘ ਨੇ ਨਿਧੜਕ ਹੋ ਕੇ ਫਤ੍ਹੇ ਬੁਲਾਈ। ਜਿਸ ਨੂੰ ਸੁਣ ਕੇ ਤੁਰਕ ਸੜ-ਬਲ ਗਏ। ਸੂਬੇ ਦੇ ਹੁਕਮ ਨਾਲ ਭਾਈ ਤਾਰੂ ਸਿੰਘ ਜੀ ਨੂੰ ਕੈਦ ਕਰ ਦਿਤਾ ਗਿਆ। ਤੁਰਕਾਂ ਨੇ ਆਪਣੇ ਮਨ ਭਾਉਂਦੇ ਦੁਖ ਦਿੱਤੇ, ਪਰ ਗੁਰੂ ਕੇ ਸਿੱਖ ਨੇ ਖਿੜੇ ਮੱਥੇ ਸਿਰ ਤੇ ਸਹਾਰੇ ਅਤੇ ਇੱਕ ਵਾਰ ਵੀ ਹਾਏ, ਸੀ ਮੁੱਖੋਂ ਨਾ ਉਚਾਰੀ। ਸਿੰਘ ਨੇ ਪ੍ਰਸ਼ਾਦਾ ਪਾਣੀ ਤਿਆਗ ਕੇ ਨਾਮ ਬਾਣੀ ਦੇ ਅਧਾਰ ਤੇ ਹੀ ਆਪਣਾ ਜੀਵਨ ਟਿਕਾ ਲਿਆ।

ਜਦ ਦੁਬਾਰਾ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਭਾਈ ਸਾਹਿਬ ਨੇ ਬੜੀ ਦਲੇਰੀ ਨਾਲ ਸੂਬੇ ਪ੍ਰਤੀ ਕਰੜੇ ਸ਼ਬਦ ਆਖੇ:-

ਸੁਨੋ ਖਾਨ ਜੀ ਬਚਨ ਹਮਾਰਾ॥
ਹਮ ਨਹਿਂ ਤੁਮਰਾ ਕਿਛੂ ਬਿਗਾਰਾ॥
ਯਾਰੀ ਚੋਰੀ ਠੱਗੀ ਕਾਈ॥
ਜੋ ਹਮ ਕਰੀ ਸੁ ਦੇਹ ਬਤਾਈ॥
ਹਮ ਤੋ ਖੇਤੀ ਕਰਿ ਨਿਤ ਖੈ ਹੈਂ।
ਤੁਮ ਢਿਗ ਤੁਮਰਾ ਕਰ ਪੁਚੈਂ ਹੈਂ॥
ਚਾਬਿ ਚਬੀਣੀ ਜੋ ਕਿਛ ਸਰਹੈ।
ਸੋ ਹਮ ਨਿਜ ਪੰਥਾਗੈ ਧਰਿ ਹੈ॥
ਕਹੁ ਤੁਮਰੇ ਪੱਲਜੋ ਕਜਾ ਜਾਏ।
ਜਿਸ ਪਰ ਤੂੰ ਮੁਹਿ ਦੇਤ ਸਜਾਇ॥
ਕੌਣ ਕਾਨੂਨ ਮਾਹਿ ਯਹ ਬਾਤੈਂ।
ਲਿਖੀ ਕਰਤ ਜੋ ਤੂੰ ਉਤਪਾਤੈਂ॥

ਸੱਚੀਆਂ ਗੱਲਾਂ ਸੁਣ ਕੇ ਸੂਬੇ ਨੂੰ ਸੱਤੀਂ ਕਪੜੀਂ ਅੱਗ ਲੱਗ ਗਈ। ਉੱਤੋਂ ਉੱਤੋਂ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗਾ, "ਤੂੰ ਸਿੱਖੀ ਵਿਚੋਂ ਕੀ ਲੈਣਾ, ਮੁਸਲਮਾਨ ਹੋ ਕੇ ਆਪਣੀ ਜਾਨ ਬਚਾ ਲੈ ਤੇ ਸੁਖ ਭੋਗ।"

ਸਿੰਘ ਕਹਜੋ ਮੈਂ ਤੁਰਕ ਨ ਥੈ ਹੋਂ।
ਤਜਿ ਨਿਜ ਧਰਮ ਨਾ ਜਾਨ ਬਚੈਹੋਂ।
ਸਿੱਖੀ ਕੇਸ ਸਿਦਕ ਸਿਰ ਸੰਗੈ।
ਮੈਂ ਨਿਜ ਚੈਹੁੰ ਨਿਭੈਹੋਂ ਚੰਗੈ।

ਕ੍ਰੋਧ ਵਿਚ ਲਾਲ ਪੀਲਾ ਹੋ ਕੇ ਖਾਨ ਕਹਿਣ ਲੱਗਾ, ਤੂੰ ਕੀ ਸਿੱਖੀ-ਸਿੱਖੀ ਕੂਕਦਾ ਪਿਆਂ ਏਂ? ਮੈਂ ਤੇਰੀ ਸਿੱਖੀ ਜੁੱਤੀਆਂ ਮਾਰ ਉਡਾ ਦਿਆਂਗਾ। ਸੁਭਾਵਿਕ ਹੀ ਭਾਈ ਸਾਹਿਬ ਕਹਿਣ ਲੱਗੇ, "ਮੇਰੀ ਸਿੱਖੀ ਤਾਂ ਕੇਸਾਂ ਸੁਆਸਾਂ ਸੰਗ ਨਿਭੇਗੀ, ਪਰ ਤੂੰ ਯਾਦ ਰੱਖੀਂ, ਤੈਨੂੰ ਜੁੱਤੀ ਅੱਗੇ ਲਾ ਕੇ ਖੜਾਂਗਾ।"

ਨਵਾਬ ਵੱਲੋਂ ਨਾਈ ਬੁਲਾਏ ਗਏ, ਪਰ ਭਾਈ ਤਾਰੂ ਸਿੰਘ ਦੇ ਕੇਸਾਂ ਨੂੰ ਕੈਂਚੀ-ਉਸਤਰੇ ਵੀ ਨਾ ਕੱਟ ਸਕੇ। ਫਿਰ ਮੋਚੀ ਬੁਲਾਏ ਗਏ ਅਤੇ ਰੰਬੀ ਨਾਲ ਭਾਈ ਸਾਹਿਬ ਦੀ ਕੇਸਾਂ ਸਣੇ ਖੋਪੜੀ ਉਤਾਰ ਦਿੱਤੀ ਗਈ। ਗਿਆਨੀ ਗਿਆਨ ਸਿੰਘ ਜੀ ਉਸ ਵਕਤ ਦਾ ਭਾਵ-ਪੂਰਤ ਨਕਸ਼ਾ ਉਲੀਕਦੇ ਹਨ:-

ਪੂਰਨ ਵਾਕ ਭਯੋ ਸਿੰਘ ਕਾ ਤਬਿ,
ਕੇਸ ਗਏ ਸਿਰ ਆਪ ਕੇ ਸੰਗੈ।
ਤਾਂ ਮਦ ਭੋਹ ਭਰਾਇ ਨੁਵਾਬ,
ਧਰਾਇ ਦਯੋ ਮਧ ਚੌਕ ਨਿਸੰਗੈ॥
ਹੈਹਿਰ ਸ਼ੈਹਿਰ ਮਾਹਿਂ ਪਰਯੋ,
ਕਹਿਂ ਕੈਹਰ ਕੀਨ ਨੁਵਾਬ ਕੁਢੰਗੈ॥
ਮੱਜਤ ਸਿੰਘ ਸ੍ਰੋਣਤ ਸੋਂ,
ਸ਼ਿਵ ਕੇ ਸਿਰ ਤੇ ਗਿਰ ਹੈ ਜਿਮ ਗੰਗੈ॥

ਇਸੇ ਦੌਰਾਨ ਜ਼ਕਰੀਆ ਖ਼ਾਨ ਦਾ ਪੇਸ਼ਾਬ ਬੰਦ ਹੋ ਗਿਆ ਅਤੇ ਉਹ ਖੁਸ਼ਕ ਥਾਂ 'ਤੇ ਪਈ ਹੋਈ ਮੱਛੀ ਵਾਂਗੂੰ ਤੜਫਨ ਲੱਗਾ। ਵੈਦ ਹਕੀਮ ਬੁਲਾਏ ਗਏ, ਮੁਲਾਣਿਆਂ ਨੇ ਜੰਤਰ ਮੰਤਰ ਵੀ ਕੀਤੇ ਪਰ ਸਭ ਵਿਅਰਥ। ਸੂਬਾ ਦੁੱਖ ਨਾਲ ਤੜਫਦਾ ਰਿਹਾ। ਫਿਰ ਭਾਈ ਸੁਬੇਗ ਸਿੰਘ ਜੀ ਦੀ ਸਰਨ ਤੱਕੀ ਗਈ।ਪਹਿਲਾਂ ਉਹਨਾਂ ਨੂੰ ਭਾਈ ਤਾਰੂ ਸਿੰਘ ਜੀ ਕੋਲ ਭੇਜਿਆ ਗਿਆ। ਫਿਰ ਖਾਲਸੇ ਦੀ ਸ਼ਰਨ ਵਿਚ ਭੇਜਿਆ ਗਿਆ। ਜਦ ਪਰ-ਉਪਕਾਰੀ ਖਾਲਸੇ ਕੋਲ ਭਾਈ ਸੁਬੇਗ ਸਿੰਘ ਜੀ ਬੇਨਤੀ ਕੀਤੀ ਤਾਂ ਖਾਲਸੇ ਦਾ ਪ੍ਰਸ਼ਨ ਸੀ, "ਭਾਈ ਤਾਰੂ ਸਿੰਘ ਜੀ ਨੇ ਕੋਈ ਬਚਨ ਕੀਤਾ ਹੋਵੇ।" ਭਾਈ ਸਾਹਿਬ ਦੱਸਿਆ ਕਿ ਉਹਨਾਂ ਨੇ ਕਿਹਾ ਸੀ, "ਮੈਂ ਸੂਬੇ ਨੂੰ ਜੁੱਤੀ ਅੱਗੇ ਲਾ ਕੇ ਲਿਜਾਵਾਂਗਾ।"

ਸਿੰਘਾਂ ਨੇ ਗੁਰਮਤਾ ਕਰਕੇ ਹੁਕਮ ਕੀਤਾ ਕਿ ਭਾਈ ਤਾਰੂ ਸਿੰਘ ਜੀ ਦੀ ਚਰਨ-ਦਾਸੀ(ਜੁੱਤੀ) ਸੂਬੇ ਦੇ ਸਿਰ ਵਿਚ ਮਾਰੀ ਜਾਵੇ, ਪੇਸ਼ਾਬ ਖੁਲ੍ਹ ਜਾਵੇਗਾ।

ਏਸੇ ਤਰ੍ਹਾਂ ਹੀ ਕੀਤਾ ਗਿਆ। ਜਿਉਂ ਜਿਉਂ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵੱਜਦੀਆਂ ਹਨ, ਤਿਉਂ ਤਿਉਂ ਉਸ ਦਾ ਪੇਸ਼ਾਬ ਖਾਰਿਜ਼ ਹੁੰਦਾ ਹੈ, ਜੁੱਤੀਆਂ ਵੱਜਦੀਆਂ ਰਹੀਆਂ। ਇਸ ਤਰ੍ਹਾਂ ਜੁੱਤੀਆਂ ਦੀ ਮਾਰ ਖਾਂਦਾ ਹੋਇਆ, ਸਿੱਖਾ ਤੇ ਜ਼ੁਲਮ ਕਮਾਉਣ ਵਾਲਾ ਨਿਰਦਈ ਸੂਬਾ 1 ਜੁਲਾਈ 1745 ਈ: (ਅਜੋਕੇ ਕੈਲੰਡਰ ਮੁਤਾਬਿਕ 12 ਜੁਲਾਈ), ਨੂੰ ਨਰਕਾਂ ਨੂੰ ਪਿਆਨਾ ਕਰ ਗਿਆ।

ਉਸੇ ਦਿਨ 1 ਸਾਉਣ 1802 ਬਿਕ੍ਰਮੀ ਮੰਗਲਵਾਰ ਦੇ ਦਿਨ ਜਦੋਂ ਭਾਈ ਸਾਹਿਬ ਨੂੰ ਸਿੱਖ-ਸੰਗਤਾਂ ਵਲੋਂ ਸੂਬੇ ਦੀ ਮੌਤ ਬਾਰੇ ਦੱਸਿਆ ਗਿਆ ਅਤੇ ਨਾਲ ਹੀ ਕਿਹਾ ਕਿ ਤੁਹਾਡਾ ਪ੍ਰਣ ਪੂਰਾ ਹੋ ਗਿਆ ਹੈ। ਹੁਣ ਜੇ ਤੁਸੀਂ ਚਾਹੋ ਤਾਂ ਤੁਹਾਡਾ ਇਲਾਜ ਕਰਵਾ ਦਿੱਤਾ ਜਾਵੇ। ਤਾਂ ਭਾਈ ਤਾਰੂ ਸਿੰਘ ਜੀ ਉੱਤਰ ਦਿੱਤਾ ਕਿ ਮੈਂ ਹੁਣ ਸੰਸਾਰ ਨਾਲੋਂ ਰਿਸਤਾ ਤੋੜ ਚੁੱਕਾ ਹਾਂ। ਹੁਣ ਤਾਂ ਗੁਰੂ ਚਰਨਾਂ ਵਿਚ ਅਰਦਾਸ ਕਰੋ ਕਿ ਮੇਰਾ ਸਿੱਖੀ ਸਿਦਕ ਨਿਭ ਜਾਵੇ ਅਤੇ ਮੈਂ ਉਜੱਲ ਮੁੱਖ ਗੁਰੂ ਚਰਨਾਂ ਵਿਚ ਜਾਵਾਂ। ਇੰਨਾਂ ਕਹਿ ਕੇ ਭਾਈ ਸਾਹਿਬ ਨੇ ਆਪਣੀ ਜੋਤ ਗੁਰੂ ਚਰਨਾਂ ਵਿਚ ਲੀਨ ਕਰ ਲਈ। 22 ਦਿਨ 'ਦੁਖ ਵਿਚ ਸੁਖ ਮਨਾਈ' ਵਾਲਾ ਇਹ ਮਹਾਨ ਸੂਰਮਾ, ਸਾਡੀਆਂ ਔਣ ਵਾਲੀਆਂ ਪੀੜ੍ਹੀਆਂ ਵਾਸਤੇ ਨਵੇਂ ਪੂਰਨੇ ਪਾ ਗਿਆ। ਪਿਤਾ ਉਧਮ ਸਿੰਘ ਜੀ ਦੇ ਲਾਡਲੇ ਅਤੇ ਮਾਤਾ ਧਰਮ ਕੌਰ ਦੀ ਅੱਖ ਦੇ ਤਾਰੇ ਭਾਈ ਤਾਰੂ ਸਿੰਘ ਜੀ ਨੇ 25 ਕੁ ਸਾਲ ਦੀ ਸੰਸਾਰਕ ਉਮਰ ਵਿਚ ਹੀ ਸ਼ਹੀਦੀ ਰੁਤਬਾ ਪ੍ਰਾਪਤ ਕਰ ਕੌਮ ਦਾ ਪਰਚਮ ਹੋਰ ਉੱਚਾ ਕੀਤਾ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ, ਜੇ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਜ਼ੁਲਮਾਂ ਦੀ ਅਤਿ ਸੀ ਤਾਂ ਉਹ ਜ਼ੁਲਮਾਂ ਦਾ ਅੰਤ ਵੀ ਨਾਲ ਹੀ ਸਾਬਤ ਹੋਈ।ਭਾਈ ਸਾਹਿਬ ਦਾ ਸ਼ਹੀਦੀ ਅਸਥਾਨ ਨਖ਼ਾਸ ਚੌਂਕ(ਲਾਹੌਰ) ਵਿੱਚ ਹੈ, ਇਥੇ ਹੀ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਹੈ। ਨਾਲ ਹੀ ਸ਼ਹੀਦੀ ਖੂਹ ਹੈ। ਉਸ ਖੂਹ ਵਿੱਚ ਇੱਕ ਇੱਟ ਉੱਤੇ ਇਹ ਸ਼ਬਦ ਉਕਰੇ ਹੋਏ ਹਨ-

ੴ ਸਤਿਗੁਰੂ ਪ੍ਰਸਾਦਿ

ਸ਼ਹੀਦ ਗੰਜ ਤਾਰੂ ਸਿੰਘ, ਮਨੀ ਸਿੰਘ ਕਾ

ਸੰਮਤ ੧੯੯੩ ਭਾਦਰੋਂ ਸੁਦੀ ਪੰਚਮੀਂ ਸ਼ਹੀਦ ਬੁੰਗਾ ਸਾਹਿਬ ਦੀ ਟਹਿਲ ਸਿੰਘ ਸਾਹਿਬ ਰਣਜੀਤ ਸਿੰਘ, ਖੂਹ ਦੀ ਟਹਲ ਸਮੂਹ ਖਾਲਸੇ ਜੀ ਕੀਤੀ।

ਭਾਈ ਤਾਰੂ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਜੀ ਨੇ ਸ਼ਹਿਰੀ ਸੰਗਤ ਨਾਲ ਮਿਲ ਕੇ ਕੀਤਾ।

ਮਹਾਂਕਵੀ ਰਵਿੰਦਰ ਨਾਥ ਟੈਗੋਰ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਐਸਾ ਦਾਨੀ ਲਿਖਿਆ ਹੈ, ਜੋ ਖੁਸ਼ੀ-ਖੁਸ਼ੀ ਜਾਚਕ ਦੀ ਮੰਗ ਤੋਂ ਕਈ ਗੁਣਾਂ ਵਧ ਕੇ ਦਾਨ ਦੇਂਦਾ ਹੈ। ਉਹਨਾਂ ਦੇ ਸ਼ਬਦਾਂ ਦਾ ਪੰਜਾਬੀ ਅਨੁਵਾਦ ਇਸ ਪ੍ਰਕਾਰ ਹੈ-

ਮੈਨੂੰ ਤੇਰੀ ਭਰੀ ਜਵਾਨੀ ’ਤੇ ਰਹਿਮ ਆਉਂਦਾ ਹੈ
ਜਾਹ ਮੈਂ ਬਖ਼ਸ਼ਦਾ ਹਾਂ ਤੇਰੀ ਜਾਨ
ਬੱਸ ਇਸ ਦੇ ਇਵਜ਼ ਵਿੱਚ ਮੈਨੂੰ
ਤੂੰ ਇੱਕ ਤੋਹਫ਼ਾ ਦੇ ਜਾ ਜਾਣ ਲੱਗਿਆਂ
ਤੋਹਫ਼ਾ ਦੇ ਜਾ ਆਪਣੇ ਖ਼ੂਬਸੂਰਤ ਲੰਮੇ ਵਾਲ
ਮਨਜ਼ੂਰ ਹੈ ਬਾਦਸ਼ਾਹ, ਭਾਈ ਤਾਰੂ ਸਿੰਘ ਨੇ ਕਿਹਾ,
ਤੂੰ ਵੀ ਕੀ ਕਰੇਂਗਾ ਯਾਦ
ਕਿਸੇ ਸਿੱਖ ਕੋਲੋਂ ਕੁਝ ਮੰਗਿਆ ਸੀ
ਦੇ ਜਾਵਾਂਗਾ ਤੈਨੂੰ ਆਪਣੇ ਸੁਹਣੇ ਲੰਮੇ ਵਾਲ
ਪਰ ਇਕੱਲੇ ਵਾਲ ਨਹੀਂ
ਆਪਣਾ ਸਿਰ ਵੀ ਦੇ ਕੇ ਜਾਵਾਂਗਾ ਨਾਲ।

**.......ਬਾਕੀ ਸਫ਼ੇ 23 ਦੀ (ਭਾਸ਼ਾ ਬਚਦੀ ਹੈ ਸਦਾ ਕਿਸੇ)**

ਸਿਰਫ਼ ਭਾਸ਼ਾ ਨੂੰ ਬਚਾਇਆਂ,
ਨਹੀਂ ਬਚਦੀ ਕੋਈ ਭਾਸ਼ਾ,
ਭਾਸ਼ਾ ਬਚਦੀ ਹੈ ਸਦਾ,
ਕਿਸੇ ਮਹਾਂ ਖਿਆਲ ,
ਮਹਾਂ ਕਰੁਣਾ,
ਕਿਸੇ ਮਹਾਂ ਲਹਿਰ ਦਾ,
ਸਰਗੁਣ ਸਰੂਪ ਬਣਕੇ।

ਦਿਓ ਦੀ ਗੁਫ਼ਾ ਵਿੱਚ ਕੈਦ ਰਾਜਕੁਮਾਰੀ ਦੀ ਕਹਾਣੀ ਵਿੱਚ ਅੰਤ ਸੁਖਾਂਤਕ ਸੀ। ਰਾਜਕੁਮਾਰੀ ਅਤੇ ਉਸ ਗੱਭਰੂ ਨੇ, ਆਪਣੇ ਪਿਆਰ ਦੀ ਸ਼ਿੱਦਤ ਨਾਲ ਆਪਣੀ ਜੁਗਤ ਅਤੇ ਜ਼ੋਰ ਨਾਲ ਆਦਮਖ਼ੋਰ ਦਿਓ ਨੂੰ ਮਾਰ ਦਿੱਤਾ ਸੀ। ਉਹ ਆਪਣੇ ਦੇਸ਼ ਪਰਤ ਆਏ। ਉਨ੍ਹਾਂ ਦਾ ਵਿਆਹ ਹੋ ਗਿਆ ਤੇ ਉਹ ਖੁਸ਼ੀ ਖੁਸ਼ੀ ਰਹਿਣ ਲੱਗ ਪਏ।

ਪੰਜਾਬੀ ਭਾਸ਼ਾ ਪਰਥਾਏ ਸਾਡੇ ਤੌਖ਼ਲੇ, ਆਸਾਂ ਤੇ ਯੋਜਨਾਵਾਂ ਦੀ ਕਹਾਣੀ ਵੀ ਉਸ ਲੋਕ-ਕਹਾਣੀ ਵਾਂਗ ਹੀ ਸੰਪੰਨ ਹੋਵੇਗੀ ਜੇ ਅਸੀਂ ਸਾਰੇ ਪੰਜਾਬੀ ਜੁਗਤ ਅਤੇ ਜ਼ੋਰ ਨਾਲ, ਪਿਆਰ ਦੀ ਸ਼ਿੱਦਤ ਨਾਲ ਆਪਣੇ ਰੋਲ ਅਦਾ ਕਰੀਏ।

**(ਰੋਜ਼ਾਨਾ ‘ਪੰਜਾਬੀ ਜਾਗਰਣ ’ ਚੋਂ ਧੰਨਵਾਦ ਸਹਿਤ)**

**ਗੁਰਬਾਣੀ ਪੜ੍ਹੋ ’ਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਸੀਸੁ ਦੀਆ ਪਰ ਸੀ ਨ ਉਚਰੀ

-ਗੁਰਲਾਲ ਸਿੰਘ

ਉਹ ਅਡੋਲ ਬੈਠਾ ਹੋਇਆ ਸੀ। ਧਰਤੀ ਨਾਲੋਂ ਵੱਡਾ ਧੀਰਜ ਰੱਖ,ਸੁਮੇਰ ਨਾਲੋਂ ਵੀ ਉੱਚਾ ਇਰਾਦਾ ਬਣਾ। ਮੂੰਹ 'ਚ ਅਗੰਮੀ ਸ਼ਬਦ ਅੰਤ ਤੱਕ ਗੁਣਗੁਣਾਉਂਦਾ ਰਿਹਾ। ਜਿਸ ਦੇ ਬੋਲ ਜਲਾਦ ਨੂੰ ਸੁਣਦੇ ਰਹੇ। ਜਲਾਦ ਨੇ ਅੱਜ ਤੱਕ ਕਤਲ ਗਾਹ ਵਿੱਚ ਕੋਈ ਵੀ ਸਿੱਖ ਜਾਨ ਦੀ ਭੀਖ ਮੰਗਦਾ ਨਹੀਂ ਸੀ ਵੇਖਿਆ । ਇਸ ਬਜ਼ੁਰਗ ਸਾਧੂ ਨੂੰ ਵੇਖ ਆਪਣਾ ਟੋਕਾ ਪੱਥਰ ਤੇ ਘਸਾਇਆ ਤਾਂ ਕਿ ਬਜ਼ੁਰਗ ਤਿੱਖੀ ਧਾਰ ਵੇਖ ਡਰ ਮਹਿਸੂਸ ਕਰੇ। ਪਰ ਉਹ ਡੂੰਘੇ ਸਮੁੰਦਰ ਵਾਂਗ ਸ਼ਾਂਤ ਰਿਹਾ,ਤੇ ਮੁਸਕਰਾਹਟ ਰੂਪੀ ਲਹਿਰਾਂ ਕਦੀ-ਕਦੀ ਅਡੋਲ ਹੀ ਚਿਹਰੇ ਤੋਂ ਝਲਕਦੀਆਂ। ਜਿਸ ਤਰ੍ਹਾਂ ਕਿਸੇ ਅਣਦਿਖ਼ ਸ਼ਕਤੀ ਨਾਲ ਗੱਲਾਂ ਕਰ ਰਿਹਾ ਹੋਵੇ। ਜਲਾਦ ਨੇ ਕਈ ਵਾਰ ਚਿਹਰੇ ਨੂੰ ਧਿਆਨ ਨਾਲ ਦੇਖਿਆ ਡਰ ਦਾ ਕੋਈ ਚਿੰਨ੍ਹ ਦਿਖਾਈ ਨਹੀਂ ਦਿੱਤਾ। ਉਸ ਨੇ ਆਪਣੀ ਨੌਕਰੀ ਵਿੱਚ ਕਈ ਸਿੱਖਾਂ ਨੂੰ ਮੌਤ ਦਾ ਪਾਂਧੀ ਬਣਾਇਆ ਸੀ। ਉਹ ਸੋਚਣ ਲੱਗਾ ਕਿਸ ਮਿੱਟੀ ਦੇ ਬਣੇ ਨੇ ਇਹ ਸਿੱਖ? ਕੀ ਤਾਲੀਮ ਇਨ੍ਹਾਂ ਦੇ ਗੁਰੂ ਨੇ ਦਿੱਤੀ? ਜਿਸ ਕਾਰਨ ਇਹ ਮੌਤ ਦੇ ਡਰ ਤੋਂ ਮੁਕਤ ਹੋ ਗਏ। ਕਿਹੜੀ ਸਜ਼ਾ ਹੈ ਜੋ ਹਕੂਮਤ ਨੇ ਇਨ੍ਹਾਂ ਨੂੰ ਨਹੀਂ ਦਿੱਤੀ। ਪਰ ਸਾਰੀਆਂ ਸਜ਼ਾਵਾਂ ਇਹ ਹੱਸ-ਹੱਸ ਕਬੂਲ ਦੇ ਰਹੇ। ਹੁਣ ਆ ਬਜ਼ੁਰਗ ਦੀ ਉਮਰ ਸੱਤਰ ਤੋਂ ਉੱਪਰ ਹੋਵੇਗੀ। ਇਸ ਵਲੋਂ ਕੋਈ ਰਹਿਮ ਦੀ ਅਪੀਲ ਨਹੀ ਨਾ ਹੀ ਮੁੱਖ ਤੇ ਕੋਈ ਚਿੰਤਾ ਹੈ। ਸਗੋਂ ਕਤਲਗਾਹ ਵਿੱਚ ਬੈਠ ਹੱਸ ਰਿਹਾ ਹੈ।

ਅੱਜ ਸਵੇਰ ਤੋਂ ਹੀ ਨਖ਼ਾਸ ਚੌਂਕ ਵਿੱਚ ਡਰਾਵਣੀ ਚੁੱਪ ਛਾਈ ਹੋਈ ਸੀ,ਬਹੁਤ ਸਾਰੇ ਲੋਕ ਲਾਹੌਰ ਸ਼ਹਿਰ ਦੇ ਦੂਰ ਸਹਿਮੇ ਖੜ੍ਹੇ ਸਨ। ਕਦੀ-ਕਦੀ ਭੀੜ ਵਿੱਚੋਂ ਕੋਈ ਹਾਏ-ਹਾਏ ਦੀ ਅਵਾਜ਼ ਵੀ ਧੀਮੀ ਸੁਰ ਨਾਲ ਨਿਕਲਦੀ। ਇੱਕ ਬੱਚਾ ਇਸ ਚੁੱਪ ਵਿੱਚ ਡਰ ਕੇ ਉੱਚੀ ਰੋਇਆ, ਮਾਂ ਨੇ ਛੇਤੀ ਨਾਲ ਮੂੰਹ ਅੱਗੇ ਹੱਥ ਦਿੱਤਾ,ਉਸ ਦੀ ਦਿਲ ਵਿੱਚੋਂ ਨਿਕਲੀ ਆਵਾਜ਼ ਮੂੰਹ ਵਿੱਚ ਆ ਕੇ ਅਲੋਪ ਹੋ ਗਈ ਤੇ ਬੱਚਾ ਹਟਕੋਰੇ ਭਰਦਾ ਰਿਹਾ। ਜਲਾਦ ਨੇ ਅਕਾਸ਼ ਵੱਲ ਨਿਗ੍ਹਾ ਮਾਰੀ ਸ਼ਾਇਦ ਉਹ ਵੀ ਰੌਣਾ ਚਾਹੁੰਦਾ ਹੈ,ਪਰ ਇੱਕ ਡਰ ਨੇ ਉਸ ਨੂੰ ਵੀ ਰੋਕਿਆ ਹੋਇਆ ਹੈ। ਸਾਰਾ ਸ਼ਹਿਰ ਮੌਤ ਦੇ ਭੈਅ ਵਿੱਚ ਸੀ ਪਰ ਇਹ ਬਜ਼ੁਰਗ ਸਾਧੂ ਨਿਰਭੈ ਹੋ ਕੇ ਬੈਠਾ ਸੀ।

ਆਖ਼ਿਰ ਹੱਥ ਵਿੱਚ ਤਸਬੀ ਫੜੀ ਕਾਜ਼ੀ ਪਹੁੰਚ ਗਿਆ। ਉਸ ਦੇ ਨਾਲ ਕਈ ਸ਼ਾਹੀ ਘਰਾਣੇ ਅਤੇ ਹਕੂਮਤੀ ਰਸੂਖ਼ ਵਾਲੇ ਬੰਦੇ ਤਮਾਸ਼ਾ ਵੇਖਣ ਆਏ। ਕਾਜ਼ੀ ਬੋਲਿਆ, "ਮਨੀ ਸਿੰਘਾਂ ਬੁਢੇਪੇ ਵਿੱਚ ਹੱਡੀਆਂ ਨੂੰ ਕਿਉਂ ਦੁੱਖ ਦੇਂਦਾ ਏ। ਇਸਲਾਮ ਧਾਰਨ ਕਰਕੇ ਰਹਿੰਦੀ ਜ਼ਿੰਦਗੀ ਸੁੱਖ ਨਾਲ ਬਤੀਤ ਕਰ"। ਭਾਈ ਜੀ ਆਪਣਾ ਮੂੰਹ ਕਾਜ਼ੀ ਵੱਲ ਕਰਕੇ ਹੱਸ ਬੋਲੇ, " ਜੇ ਇਸਲਾਮ ਧਾਰਨ ਕਰਨ ਨਾਲ ਸੁੱਖ ਮਿਲਦਾ ਹੈ ਤਾਂ ਤੈਨੂੰ ਤੇ ਤੇਰੇ ਮਾਲਕ(ਜ਼ਕਰੀਆਂ ਖਾਂ) ਨੂੰ ਵੀ ਮਿਲਣਾ ਚਾਹੀਦਾ ਸੀ। ਉਹ ਤੇ ਮੈਨੂੰ ਕਚਹਿਰੀ ਵਿੱਚ ਕਹਿ ਰਿਹਾ ਸੀ, ਸਿੱਖ ਮੈਨੂੰ ਸੁੱਖ ਦੀ ਨੀਂਦ ਨਹੀ ਸੌਣ ਦਿੰਦੇ, ਪਰ ਸਿੱਖ ਤੁਹਾਡੇ ਜ਼ੁਲਮਾਂ ਨੂੰ ਸਹਿੰਦੇ ਘਰ-ਬਾਰ ਛੱਡ ਜੰਗਲਾਂ ਵਿੱਚ ਕਈ-ਕਈ ਦਿਨ ਭੁੱਖੇ ਬੈਠੇ ਆਪਣੇ ਗੁਰੂ ਦਾ ਸ਼ੁਕਰਾਨਾ ਕਰਦੇ ਨੇ ਅਤੇ ਸੁਖ ਦੀ ਨੀਂਦ ਘੋੜਿਆਂ ਦੀਆਂ ਕਾਠੀਆਂ ਸਰਾਣੇ ਰੱਖ ਸੌਂਦੇ ਨੇ, ਅਬਦੁਲ ਰਜ਼ਾਕ ! ਸੁੱਖ ਮਨ ਦਾ ਹੈ। ਦੁਨੀਆਂ ਭਰ ਦੀਆਂ ਸੁਖ-ਸੁਵਿਧਾ ਹੁੰਦਿਆਂ ਵੀ ਤੂੰ ਈਰਖਾ ਦੀ ਅੱਗ ਵਿੱਚ ਸੜ੍ਹ ਰਿਹਾ ਏ, ਕੀ ਤੂੰ ਮਨ ਤੋਂ ਸੁਖੀ ਹੈਂ?ਕਾਜੀ ਨੂੰ ਕੋਈ ਜਵਾਬ ਨਾ ਆਇਆ ਗੁੱਸੇ ਵਿੱਚ ਅੱਗ ਬਬੂਲਾ ਹੋ ਬੋਲਿਆ, "ਕਾਫ਼ਰਾ ਬਹੁਤੀਆਂ ਗੱਲਾਂ ਨਾ ਕਰ ਇਹ ਹਰਿਮੰਦਰ ਨਹੀਂ ਜਿੱਥੇ ਤੇਰਾ ਗਿਆਨ ਸੁਣਿਆ ਜਾਵੇ। ਦੀਵਾਲੀ ਦਾ ਮੇਲਾ ਕਰਨ ਲਈ ਤੂੰ ਜੋ ਸਰਕਾਰ ਨਾਲ ਠੇਕਾ ਤਹਿ ਕੀਤਾ ਸੀ। ਉਸ ਦੀ ਅਦਾਇਗੀ ਨਾ ਕਰਨ ਕਰਕੇ ਤੈਨੂੰ ਇਹ ਮੌਤ ਦੀ ਸਜ਼ਾ ਮਿਲੀ ਹੈ। "ਭਾਈ ਜੀ ਮੁਸਕਰਾਉਂਦ ਹੋਏ ਬੋਲੇ "ਤੁਸੀਂ ਮੇਲਾ ਨਹੀਂ ਹੋਣ ਦਿੱਤਾ ਆਪਣੇ ਸਿਪਾਹੀਆਂ ਨੂੰ ਭੇਜ ਸਿੱਖਾਂ ਦੇ ਰਸਤੇ ਰੋਕੇ,ਆਪਣੀ ਕੀਤੀ ਜ਼ੁਬਾਨ ਤੋਂ ਮੁਕਰ ਗਏ। ਬੱਸ ਆਪਣੀ ਬਕਵਾਸ ਬੰਦ ਕਰ ਕਾਜ਼ੀ ਉੱਚੀ ਅਵਾਜ਼ ਵਿੱਚ ਬੋਲਿਆ, ਜੱਲਾਦ ਵੱਲ ਮੂੰਹ ਕਰਕੇ ਕਹਿਣ ਲੱਗਾ, "ਬੰਦ ਬੰਦ ਕੱਟ ਇਸ ਕਾਫ਼ਰ ਦੇ। "ਜੱਲਾਦ ਨੇ ਆਪਣੇ ਹਥਿਆਰ ਦੀ ਧਾਰ ਖੱਬੇ ਹੱਥ ਦੀਆਂ ਉਂਗਲਾਂ ਨਾਲ ਪਰਖੀ ਅਤੇ ਫਿਰ ਦੋ ਵਾਰ ਪੱਥਰ ਨਾਲ ਰਗੜ ਕੇ ਭਾਈ ਸਾਹਿਬ ਵੱਲ ਵੇਖਿਆ। ਕਿਸੇ ਅਗੰਮੀ ਮਸਤੀ ਦੇ ਸਰੂਰ ਨਾਲ ਚਿਹਰਾ ਚਮਕ ਰਿਹਾ ਸੀ। ਭਾਈ ਜੀ ਨੇ ਅੱਖਾਂ ਬੰਦ ਕਰ ਇਸ ਅਮਰ ਜ਼ਿੰਦਗੀ ਲਈ ਗੁਰੂ ਦਾ ਧੰਨਵਾਦ ਕੀਤਾ। ਪਲ ਭਰ ਲਈ ਪਿਛਲੀ ਅੱਧੀ ਸਦੀ ਵਿੱਚ ਹੋਈਆਂ ਘਟਨਾਵਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਗਈਆਂ, ਦਿੱਲੀ ਦਾ ਚਾਂਦਨੀ ਚੌਂਕ,ਕੀਰਤਪੁਰ ਵਿੱਚ ਇੰਨਕਲਾਬੀ ਤਲਵਾਰ,ਸਰਸਾ ਦਾ ਬੇਕਾਬੂ ਪਾਣੀ,ਕੱਚੀ ਗੜ੍ਹੀ ਵਿੱਚੋਂ ਨਿਕਲਦੇ ਤੀਰ,ਨੇਜ਼ਿਆਂ ਤੇ ਟੰਗੇ ਸਿਰ,ਪਿਉ ਦੇ ਮੂੰਹ 'ਚ ਪੁੱਤਰ ਦਾ ਕਲੇਜਾ... ਜੱਲਾਦ ਨੇ ਬਿਰਤੀ ਤੋੜਦੇ ਹੋਏ ਭਾਈ ਜੀ ਦਾ ਹੱਥ ਫੜ ਗੁੱਟ ਦਾ ਨਿਸ਼ਾਨਾ ਲੈ, ਸੱਜਾ ਹੱਥ ਮਾਰਨ ਲਈ ਚੁੱਕਿਆ। ਭਾਈ ਜੀ ਬੋਲੇ "ਰੁੱਕ ਜਾ... ਰੱਬ ਦੇ ਬੰਦਿਆ ਰੁੱਕ ਜਾ" ਜੱਲਾਦ ਨੇ ਭਾਈ ਜੀ ਦੀਆਂ ਅੱਖਾਂ ਵਿੱਚ ਵੇਖਿਆ- ਕੋਈ ਡਰ ਨਹੀ ਸੀ। ਫਿਰ ਮੈਨੂੰ ਰੋਕਿਆ ਕਿਉਂ?- ਉਸ ਨੇ ਦੂਰ ਖੜ੍ਹੇ ਲੋਕਾਂ ਵੱਲ ਨਿਗ੍ਹਾ ਮਾਰੀ,ਕੋਈ ਭਾਈ ਜੀ ਦਾ ਹਮਦਰਦ ਪੈਸੇ ਲੈ ਕੇ ਨਾ ਆ ਗਿਆ ਹੋਵੇ। ਕਿਉਂਕਿ ਉਸ ਨੇ ਕਈ ਬੰਦਿਆਂ ਤੋਂ ਇਹ ਚਰਚਾ ਸੁਣੀ ਸੀ ਕਿ ਸ਼ਹਿਰ ਦੇ ਹਿੰਦੂ,ਸਿੱਖ ਤੇ ਕੁਝ ਮੁਸਲਮਾਨ ਵੀ ਭਾਈ ਜੀ ਨੂੰ ਬਚਾਉਣ ਲਈ ਪੈਸਾ ਇਕੱਠਾ ਕਰ ਰਹੇ ਨੇ। ਜੱਲਾਦ ਨੇ ਭਾਈ ਜੀ ਦੀਆਂ ਅੱਖਾਂ ਵਿੱਚ ਵੇਖਿਆ। ਭਾਈ ਜੀ ਬੋਲੇ, "ਜੋ ਤੇਰੇ ਮਾਲਕ ਦਾ ਹੁਕਮ ਹੈ, ਪੂਰਾ ਕਰ, ਤੂੰ ਮੇਰੇ ਚੌਦਾਂ ਬੰਦ ਛੱਡ ਚੱਲਿਆ ਸੀ"ਜਲਾਦ ਹੈਰਾਨ ਹੋ ਗਿਆ ਤੇ ਉਸ ਨੇ ਕਾਜੀ ਵੱਲ ਵੇਖਿਆ ਮਾਨੋ ਕਹਿ ਰਿਹਾ ਹੋਵੇ ਤੁਸੀਂ ਇਨ੍ਹਾਂ ਪਾਕ ਰੂਹਾ ਨੂੰ ਨਹੀਂ ਮਾਰ ਸਕਦੇ। ਕਾਜੀ ਨੂੰ ਵੀ ਆਪਣਾ ਇਲਮ ਕਿਸੇ ਹਨੇਰੀ ਖੱਡ

ਬਾਕੀ ਸਫ਼ਾ 32 ਤੇ.........

# ਭਾਸ਼ਾ ਬਚਦੀ ਹੈ ਸਦਾ ਕਿਸੇ ਮਹਾਂ ਲਹਿਰ ਦਾ ਸਰਗੁਣ ਰੂਪ ਬਣ ਕੇ

-ਸੁਰਜੀਤ ਪਾਤਰ

ਇਕ ਪੰਜਾਬੀ ਲੋਕ ਕਹਾਣੀ ਏਦਾਂ ਸ਼ੁਰੂ ਹੁੰਦੀ ਹੈ : ਦਿਓ ਦੀ ਗੁਫ਼ਾ ਵਿੱਚ ਕੈਦ ਰਾਜਕੁਮਾਰੀ ਦਿਓ ਦੀ ਗੈਰ ਹਾਜ਼ਰੀ ਵਿੱਚ ਇਕ ਸੋਹਣੇ ਗੱਭਰੂ ਨੂੰ ਗੁਫ਼ਾ ਵਿੱਚ ਪ੍ਰਵੇਸ਼ ਕਰਦਾ ਦੇਖ ਕੇ ਪਹਿਲਾਂ ਹੱਸੀ ਫਿਰ ਰੋਈ।

ਰਾਜ ਕੁਮਾਰ ਨੇ ਪੁੱਛਿਆ: ਤੂੰ ਪਹਿਲਾਂ ਹੱਸੀ ਤੇ ਫਿਰ ਰੋਈ ਕਿਉਂ? ਰਾਜਕੁਮਾਰੀ ਕਹਿਣ ਲੱਗੀ: ਹੱਸੀ ਇਸ ਲਈ ਸੀ ਕਿ ਮੈਨੂੰ ਮੁੱਦਤਾਂ ਬਾਅਦ ਦਿਓ ਦੀ ਗੁਫ਼ਾ ਵਿੱਚ ਆਦਮ ਜਾਤ ਦਾ ਮੁੱਖ ਦੇਖ ਕੇ ਬਹੁਤ ਖੁਸ਼ੀ ਹੋਈ ਤੇ ਰੋਈ ਇਸ ਲਈ ਕਿ: ਥੋੜ੍ਹੀ ਦੇਰ ਬਾਅਦ ਆਦਮ ਬੋ-ਆਦਮ ਬੋ ਕਰਦਾ ਦਿਓ ਆਵੇਗਾ ਤੇ ਤੈਨੂੰ ਖਾ ਜਾਵੇਗਾ, ਖ਼ੈਰ ਮੈਂ ਤੈਨੂੰ ਕਿਸੇ ਨ ਕਿਸੇ ਤਰ੍ਹਾਂ ਦਿਓ ਤੋਂ ਬਚਾ ਲਵਾਂਗੀ। ਪੰਜਾਬੀ ਬੋਲੀ ਬਾਰੇ ਸੋਚਦਿਆਂ ਵੀ ਇਨ੍ਹੀਂ ਦਿਨੀਂ ਅਸੀਂ ਹੱਸਣ ਰੋਣ ਵਰਗੇ ਦੋਹਾਂ ਤਰ੍ਹਾਂ ਦੇ ਅਹਿਸਾਸਾਂ ਵਿਚੋਂ ਲੰਘਦੇ ਹਾਂ। ਇਨਸਾਇਕਲੋਪੀਡੀਆ ਬ੍ਰਟੈਨਿਕਾ ਵਿੱਚ ਇਹ ਪੜ੍ਹ ਕੇ ਮੈਨੂੰ ਬਹੁਤ ਖੁਸ਼ੀ ਹੋਈ ਕਿ ਬੋਲਣ ਵਾਲਿਆਂ ਦੀ ਗਿਣਤੀ ਪੱਖੋਂ ਪੰਜਾਬੀ ਇਸ ਵੇਲੇ ਦੁਨੀਆਂ ਦੀ ਦਸਵੀਂ ਵੱਡੀ ਬੋਲੀ ਹੈ। ਇਹ ਜਾਣ ਕੇ ਵੀ ਖੁਸ਼ੀ ਹੋਈ ਕਿ ਇਸ ਵੇਲੇ ਅੰਗਰੇਜ਼ੀ ਅਤੇ ਫ਼ਰਾਂਸਿਸੀ ਤੋਂ ਬਾਅਦ ਕਨੇਡਾ ਦੀ ਤੀਸਰੀ ਭਾਸ਼ਾ ਪੰਜਾਬੀ ਹੈ। ਤਕਰੀਬਨ 150 ਮੁਲਕਾਂ ਵਿੱਚ ਵੱਸਦੇ ਪੰਜਾਬੀ ਇਸਨੂੰ ਆਪਣੀਆਂ ਅਗਲੀਆਂ ਪੁਸ਼ਤਾਂ ਦੇ ਮਨਾਂ ਵਿੱਚ ਜਿਉਂਦੀ ਜਾਗਦੀ ਰੱਖਣ ਲਈ ਤਾਂਘਦੇ ਤੇ ਉਪਰਾਲੇ ਕਰਦੇ ਰਹਿੰਦੇ ਹਨ। ਆਸਟ੍ਰੇਲੀਆ ਦੇ ਸ਼ਹਿਰ ਮਿਲਬੌਰਨ ਵਿੱਚ ਇੱਕ ਪੰਜਾਬੀ ਕਵੀ ਮਨਜੀਤ ਨੇ ਕਵੀਆਂ ਨੂੰ ਮਿਲੇ ਅੱਤਕਥਨੀ ਲਾਈਸੈਂਸ ਦੀ ਵਰਤੋਂ ਕਰਦਿਆਂ ਮਾਣ ਨਾਲ ਕਿਹਾ: ਪੰਜਾਬੀ ਇਸ ਵੇਲੇ ਪੰਜਾਂ ਦਰਿਆਵਾਂ ਦੀ ਨਹੀਂ, ਸੱਤਾਂ ਸਮੁੰਦਰਾਂ ਦੀ ਬੋਲੀ ਹੈ, ਪਰ ਅਸਟ੍ਰੇਲੀਆ ਵਿੱਚ ਹੀ ਮੈਨੂੰ ਇੱਕ ਕੁੜੀ ਮਨਦੀਪ ਕਹਿਣ ਲੱਗੀ ਕਿ ਸਕੂਲ ਵਿਚ ਅੰਗਰੇਜ਼ੀ ਪੜ੍ਹਦੀ ਆਪਣੀ ਬੇਟੀ ਨੂੰ ਮੈਂ ਘਰ ਵਿੱਚ ਬਹੁਤ ਨੇਮ ਨਾਲ ਪੰਜਾਬੀ ਬੋਲਣੀ ਸਿਖਾਈ ਤੇ ਕਿਹਾ: ਜਦੋਂ ਆਪਾਂ ਪੰਜਾਬ ਜਾਵਾਂਗੇ, ਉੱਥੇ ਜਾ ਕੇ ਤੂੰ ਏਨੀ ਸੋਹਣੀ ਪੰਜਾਬੀ ਬੋਲੇਂਗੀ ਤਾਂ ਉਹ ਸੁਣ ਕੇ ਬਹੁਤ ਖੁਸ਼ ਹੋਣਗੇ। ਫਿਰ ਉਹ ਵਡਭਾਗਾ ਦਿਨ ਆਇਆ। ਉਹ ਪੰਜਾਬ ਆ ਗਏ। ਗਲੀ ਮੁਹੱਲੇ ਦੇ ਹਾਣੀ ਬੱਚਿਆਂ ਨਾਲ ਕਨੇਡਾ ਤੋਂ ਆਈ ਬੱਚੀ ਖੇਡਣ-ਮੱਲਣ ਲੱਗੀ ਤਾਂ ਹੈਰਾਨ ਹੋਈ ਕਿ ਗਲੀ ਦੇ ਸਾਰੇ ਹਾਣੀ ਅੰਗਰੇਜ਼ੀ ਰਲੀ ਹਿੰਦੀ ਬੋਲਦੇ ਸਨ। ਚਾਰ ਪੰਜ ਦਿਨਾ ਬਾਅਦ ਬੇਟੀ ਨੇ ਮਨਦੀਪ ਨੂੰ ਪੁੱਛਿਆ: ਮੰਮੀ, ਆਪਾਂ ਪੰਜਾਬ ਕਦੋਂ ਜਾਵਾਂਗੇ?

ਇਹ ਹਿੰਦੀ ਅੰਗਰੇਜ਼ੀ ਬੋਲਣ ਵਾਲੇ ਬੱਚੇ ਪੰਜਾਬ ਦੇ ਉਹ ਧੀਆਂ ਪੁੱਤਰ ਹਨ ਜਿਹੜੇ ਉਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਹਨ ਜਿਹਨਾਂ ਵਿੱਚ ਉਨ੍ਹਾਂ ਨੂੰ ਪੰਜਾਬੀ ਬੋਲਣ ਤੇ ਜੁਰਮਾਨਾ ਹੁੰਦਾ ਹੈ। ਜੂੜਿਆਂ ਵਾਲੇ ਬੱਚੇ ਵੀ ਘਰੋਂ ਜੇ ਪੰਜਾਬੀ ਬੋਲਦੇ ਜਾਣ ਤਾਂ ਸਕੂਲੋਂ ਹਿੰਦੀ ਬੋਲਦੇ ਮੁੜਦੇ ਹਨ। ਪੰਜਾਬ ਦੀ ਧਰਤੀ ਤੇ ਬਣੇ ਸਕੂਲਾਂ ਵਿੱਚ ਪੰਜਾਬੀ ਦਾ ਕੋਈ ਲਫਜ਼ ਬੋਲਣਾ ਜ਼ੁਰਮ ਹੋ ਗਿਆ ਹੈ। ਇਸ ਤੋਂ ਅਗਲੀ ਗੱਲ ਮੈਂ ਇਕ ਕਵਿਤਾ ਨਾਲ ਤੋਰਨਾ ਚਾਹੁੰਦਾ ਹਾਂ :-

ਸਭ ਕਲ ਕਲ ਕਰਦੀਆਂ ਨਦੀਆਂ ਦਾ,
ਸਭ ਚੀਂ ਚੀਂ ਕਰਦੀਆਂ ਚਿੜੀਆਂ ਦਾ,
ਸਭ ਸ਼ਾਂ ਸ਼ਾਂ ਕਰਦੇ ਬਿਰਖਾਂ ਦਾ,
ਆਪਣਾ ਹੀ ਤਰਾਨਾ ਹੁੰਦਾ ਹੈ।
ਪਰ ਸੁਣਿਆ ਹੈ ਇਸ ਧਰਤੀ ਤੇ,
ਇਕ ਉਹ ਵੀ ਦੇਸ਼ ਹੈ, ਜਿਸ ਅੰਦਰ,
ਬੱਚੇ ਜੋ ਆਪਣੀ ਮਾਂ ਬੋਲੀ ਬੋਲਣ,ਜ਼ੁਰਮਾਨਾ ਹੁੰਦਾ ਹੈ।
ਤੇ ਹੋਰ ਸਿਤਮ ਕੀ? ਮਾਂ ਆਖੇ,ਚਲ ਕੋਈ ਨਹੀਂ,
ਜੇ ਮੇਰੇ ਬੋਲ ਵਿਸਾਰ ਕੇ ਵੀ,
ਮੇਰੇ ਪੁੱਤ ਨੂੰ ਅਹੁਦਾ ਮਿਲ ਜਾਵੇ,
ਤਾਂ ਵੀ ਇਹ ਸੌਦਾ ਮਹਿੰਗਾ ਨਹੀਂ।
ਤੇ ਬਾਪ ਕਹੇ- ਚਲ ਠੀਕ ਹੈ,
ਜੇ ਏਥੇ ਏਸ ਸਕੂਲ 'ਚ ਹੀ,
ਜ਼ੁਰਮਾਨਾ ਦੇ ਕੇ ਛੁੱਟ ਜਾਈਏ,
ਜੀਵਨ ਜ਼ੁਰਮਾਨਾ ਨਾ ਹੋਵੇ।
ਇਹ ਧਰਤ ਨਿਮਾਣੀ ਕੀ ਹੈ?
ਇਹ ਦੇਸ਼ ਨਿਕਰਮਾ ਕਿਹੜਾ ਹੈ?
ਤੇ ਕੌਣ ਨੇ ਇਸਦੇ ਦਾਨਿਸ਼ਵਰ?
ਇਹਦੇ ਆਗੂ, ਨੇਤਾ ਤੇ ਸ਼ਾਇਰ?
ਜਿਨ੍ਹਾਂ ਦੇ ਹੁੰਦਿਆਂ ਇਹ ਹੋਇਆ?
ਜਾਂ ਜਿਨ੍ਹਾਂ ਕਰਕੇ ਇਹ ਹੋਇਆ?
ਕਿ ਮਾਪਿਆਂ ਦੇ ਭੋਲੇ ਦਿਲਾਂ ਅੰਦਰ,
ਇਹ ਕੂੜ ਇਬਾਰਤ ਲਿਖੀ ਗਈ,
ਉਹ ਦੇਸ਼ ਨਿਕਰਮਾ ਮੇਰਾ ਈ ਹੈ,
ਉਹ ਧਰਤ ਨਿਮਾਣੀ ਸਾਡੀ ਈ ਹੈ,
ਤੇ ਉਹ ਪਤਵੰਤੇ ਦਾਨਿਸ਼ਵਰ,
ਉਹ ਨੇਤਾ, ਰਹਿਬਰ ਤੇ ਸ਼ਾਇਰ,
ਉਹ ਅਸੀਂ ਹੀ ਹਾਂ।
ਜਿਨ੍ਹਾਂ ਦੇ ਹੁੰਦਿਆਂ ਇਹ ਹੋਇਆ,
ਜਾਂ ਜਿਨ੍ਹਾਂ ਕਰਕੇ ਇਹ ਹੋਇਆ,
ਕਿ ਭੋਲੇ ਮਾਪਿਆਂ ਦੇ ਦਿਲਾਂ ਉਪਰ,
ਨਿਰਮੋਹੀ ਇਬਾਰਤ ਲਿਖੀ ਗਈ।
ਤੇ ਹੌਲੀ ਹੌਲੀ ਇਹ ਹੋਇਆ,
ਮੇਰੀ ਬੋਲੀ ਦੇ ਕਈ ਲਫ਼ਜ਼ ਜਿਵੇਂ,
ਛਿੰਦੇ, ਸ਼ਰਮਿੰਦੇ, ਹਿਰਖ਼-ਭਰੇ,
ਲੱਜਿਤ ਜਿਹੇ ਹੋ ਕੇ ਪਹਿਲਾਂ ਤਾਂ,
ਦਰਵਾਜਿਓਂ ਬਾਹਰ ਖੜ੍ਹੇ ਰਹੇ,
ਫਿਰ ਸੇਜਲ ਨੈਣ ਨਿਵਾ ਆਪਣੇ,
ਰੱਬ ਜਾਣੇ ਕਿੱਧਰ ਚਲੇ ਗਏ।
ਪੁਰਖ਼ਿਆਂ ਦੇ ਮੁੱਖ ਤੋਂ ਫੁੱਟੇ ਸਨ,

ਪਰ ਕਰਮਹੀਣ,ਨਿਰਮੋਹੇ ਤੇ ਬੇਗੈਰਤ,
ਜਹੇ ਵਾਰਿਸਾਂ ਹੱਥੋਂ ਹਾਰ ਗਏ,
ਰੱਬ ਜਾਣੇ ਕਿੱਧਰ ਚਲੇ ਗਏ।
ਆਪਣੀ ਬੋਲੀ ਬਿਨ, ਜਾਣ ਲਈ,
ਕੋਈ ਹੋਰ ਜਗ੍ਹਾ ਲਫ਼ਜ਼ਾਂ ਦੇ ਕੋਲ ਨਹੀਂ ਹੁੰਦੀ,
ਸ਼ਹਿਰੇ-ਖ਼ਾਮੋਸ਼ਾਂ ਦੇ ਬਾਝੋਂ,
ਲਫ਼ਜ਼ਾਂ ਦਾ ਸ਼ਹਿਰੇ-ਖਾਮੋਸ਼ਾਂ,
ਕੋਈ ਸ਼ਬਦਕੋਸ਼,
ਕਦ 'ਵਾਜ' ਪਵੇਗੀ ਲਫਜ਼ਾਂ ਨੂੰ,
ਲਫਜ਼ਾਂ ਦਾ ਹਸ਼ਰ ਦਿਹਾੜਾ ਵੀ ਕੋਈ ਹੋਵੇਗਾ।

ਪੰਜਾਬ ਦੇ ਜਾਇਆਂ ਦੇ ਮਨਾਂ ਵਿਚ ਪੰਜਾਬੀ ਪ੍ਰਤੀ ਇਹ ਘਟੀਆਪਣ ਤੇ ਨਿਰਾਦਰ ਦਾ ਭਾਵ ਪਾਉਣ ਵਾਲੇ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਮਨਾਂ ਨੂੰ ਇਹ ਹੀਣਤਾ ਦਾ ਹੌਲ ਦੇਣ ਵਾਲੇ ਇਹ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਮਨਾਂ ਵਿੱਚ ਆਪਣੀ ਧਰਤੀ ਦੀ ਬੋਲੀ ਪ੍ਰਤੀ ਨਫ਼ਰਤ ਬੀਜਣ ਵਾਲੇ ਇਹ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਅਵਚੇਤਨ ਨੂੰ ਇਹ ਗਹਿਰੀ ਚੁੱਪ ਦੇਣ ਵਾਲੇ ਕੌਣ ਹਨ? ਬੱਚਿਆਂ ਦੇ ਮਨਾਂ ਵਿੱਚੋਂ ਇਹ ਮੌਲਿਕਤਾ ਦੇ ਬੀਜਾਂ ਨੂੰ ਲੂਹਣ ਵਾਲੇ ਇਹ ਕੌਣ ਹਨ? ਇਹ ਹਨ ਪੰਜਾਬ ਦੀ ਧਰਤੀ ਤੇ ਹੀ ਬਣੇ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ, ਪ੍ਰਿੰਸੀਪਲ, ਆਪਣੀ ਧਰਤੀ ਦੇ ਬਖੁਟੜੇ ਧੀਆਂ, ਪੁੱਤਰ, ਧਰਤੀ ਦੇ ਨਹੀਂ, ਪੈਸੇ ਦੇ ਪੁੱਤ।

ਏਥੇ ਹੀ ਬਸ ਨਹੀਂ। ਮੈਨੂੰ ਇੱਕ ਅੰਗਰੇਜ਼ੀ ਅਖ਼ਬਾਰ ਦੇ ਪੱਤਰਕਾਰ ਨੇ ਗੱਲ ਸੁਣਾਈ ਕਿ ਕੌਨਵਿੰਟ ਸਕੂਲ 'ਚ ਪੜ੍ਹਦੇ ਮੇਰੇ ਬੱਚੇ ਨੇ ਮੈਨੂੰ ਆ ਕੇ ਇਹ ਸੁਨੇਹਾ ਦਿੱਤਾ ਕਿ ਪ੍ਰਿੰਸੀਪਲ ਸਾਹਿਬ ਨੇ ਕਿਹਾ ਹੈ ਕਿ ਤੁਸੀ ਘਰ ਵਿੱਚ ਵੀ ਬੱਚੇ ਨਾਲ ਪੰਜਾਬੀ ਨਾ ਬੋਲਿਆ ਕਰੋ। ਦੂਸਰੇ ਦਿਨ ਉਹ ਪੱਤਰਕਾਰ ਬੱਚੇ ਦੇ ਸਕੂਲ ਗਿਆ ਤੇ ਉਸ ਨੇ ਪ੍ਰਿੰਸੀਪਲ ਨਾਲ ਅੰਗਰੇਜ਼ੀ ਵਿੱਚ ਬਹੁਤ ਪਿਆਰ ਨਾਲ, ਪੰਜਾਬ ਬਾਰੇ, ਜ਼ਿੰਦਗੀ ਬਾਰੇ, ਗੱਲ-ਬਾਤ ਕੀਤੀ ਤੇ ਫੇਰ ਪੁੱਛਿਆ: ਪ੍ਰਿੰਸੀਪਲ ਸਾਹਿਬ ਮੇਰੀ ਅੰਗਰੇਜ਼ੀ ਕਿਹੋ ਜਿਹੀ ਹੈ? ਪ੍ਰਿੰਸੀਪਲ ਨੇ ਕਿਹਾ: ਐਕਸੀਲੈਂਟ। ਵੰਡਰਫੁਲ। ਪੱਤਰਕਾਰ ਨੇ ਕਿਹਾ: ਮੈਡਮ ਜੀ ਮੈਂ ਸਰਕਾਰੀ ਸਕੂਲ ਵਿੱਚ ਪੜ੍ਹਿਆਂ, ਛੇਵੀਂ ਜਮਾਤ ਤੋਂ ਅੰਗਰੇਜ਼ੀ ਪੜ੍ਹੀ। ਤੁਸੀਂ ਬੱਚਿਆਂ ਪ੍ਰਤੀ ਤੇ ਉਨ੍ਹਾਂ ਰਾਹੀਂ ਪੰਜਾਬ ਦੀ ਬੋਲੀ ਅਤੇ ਇਸਦੇ ਸੱਭਿਆਚਾਰ ਪ੍ਰਤੀ ਏਨੇ ਕਠੋਰ ਕਿਉਂ ਹੋ ਰਹੇ ਹੋ?

ਉਸ ਪੱਤਰਕਾਰ ਦੋਸਤ ਨੇ ਹੀ ਨਹੀਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਵੀ ਅੰਗਰੇਜ਼ੀ ਛੇਵੀਂ ਤੋਂ ਹੀ ਪੜ੍ਹੀ ਸੀ, ਜਿਸਨੇ ਅੰਗਰੇਜ਼ੀ ਵਿੱਚ ਨਾਵਲ ਲਿਖਿਆ: 'ਬਲੱਡ ਐਂਡ ਸੋਇਲ' ਤੇ 'ਹੀਰ-ਵਾਰਿਸ ਸ਼ਾਹ' ਦਾ ਅੰਗਰੇਜ਼ੀ ਵਿੱਚ ਤਰਜ਼ਮਾ ਵੀ ਕੀਤਾ। ਮੁਲਕ ਰਾਜ ਆਨੰਦ ਜਿਸਨੇ ਅੰਗਰੇਜ਼ੀ ਵਿੱਚ ਨਾਵਲ ਤੇ ਕਹਾਣੀਆਂ ਲਿਖ ਕੇ ਇੰਨੀ ਪ੍ਰਸਿੱਧੀ ਹਾਸਿਲ ਕੀਤੀ, ਉਸਨੇ ਵੀ ਅੰਗਰੇਜ਼ੀ ਛੇਵੀਂ ਤੋਂ ਹੀ ਪੜ੍ਹੀ ਸੀ।

ਅੰਗਰੇਜ਼ੀ ਵਿੱਚ ਮੁਹਾਰਤ ਪ੍ਰਾਪਤ ਕਰਨ ਦਾ ਤਰੀਕਾ ਇਹ ਨਹੀਂ ਕਿ ਪੰਜਾਬੀ ਦੀ ਤੌਹੀਨ ਕੀਤੀ ਜਾਵੇ। ਬਲਕਿ ਵਧੀਆ ਅੰਗਰੇਜ਼ੀ ਜਾਂ ਕੋਈ ਵੀ ਹੋਰ ਦੂਜੀ ਭਾਸ਼ਾ ਸਿੱਖਣ ਦਾ ਸਹੀ ਰਸਤਾ ਮਾਂ-ਬੋਲੀ ਦੀ ਜੂਹ ਵਿੱਚੋਂ ਹੀ ਫੁੱਟਦਾ ਹੈ। ਇਹ ਗੱਲ ਮੈਂ ਨਹੀਂ, ਦੁਨੀਆਂ ਦੇ ਸਾਰੇ ਸਿੱਖਿਆ ਸ਼ਾਸਤਰੀ ਕਹਿੰਦੇ ਹਨ।

ਜਿਹੜੀਆਂ ਦਸ-ਗਿਆਰਾਂ ਧਿਰਾਂ ਕਿਸੇ ਭਾਸ਼ਾ ਦੇ ਵਿਕਾਸ ਵਿੱਚ ਸਹਾਈ ਹੋ ਸਕਦੀਆਂ ਹਨ। ਉਹ ਹਨ ਸਾਡੇ ਵਿੱਦਿਅਕ ਅਦਾਰੇ, ਸਾਹਿਤਕਾਰ, ਲੋਕ, ਸਰਕਾਰ, ਧਰਮ, ਗਾਇਕ, ਰੰਗ-ਕਰਮੀ, ਫਿਲਮਸਾਜ਼, ਪੰਜਾਬੀ ਨੂੰ ਆਪਣੇ ਪ੍ਰਗਟਾਓ ਦਾ ਮਾਧਿਅਮ ਬਣਾਉਣ ਵਾਲੇ ਚਿੰਤਕ ਵਿਗਿਆਨੀ, ਬੁਲਾਰੇ ਤੇ ਮੀਡੀਆ। ਸੋ ਬਹੁਤ ਜ਼ਰੂਰੀ ਹੈ ਕਿ ਇਹ ਸਾਰੇ ਅਦਾਰੇ ਇਸ ਸੱਚ ਨੂੰ ਪਛਾਨਣ ਕਿ ਸਾਡੀ ਧਰਤੀ ਦੇ ਲੋਕਾਂ ਦੇ ਸਰਵਪੱਖੀ ਵਿਕਾਸ ਲਈ ਮਾਂ-ਬੋਲੀ ਨੂੰ ਅਪਨਾਉਣਾਂ ਬਹੁਤ ਜ਼ਰੂਰੀ ਹੈ। ਇਸ ਨੂੰ ਅਪਨਾਉਣ ਵਿੱਚ ਹੀ ਸਾਡਾ ਆਤਮਿਕ, ਮਾਨਸਿਕ, ਰਾਜਸੀ ਤੇ ਆਰਥਿਕ ਵਿਕਾਸ ਸਮਾਇਆ ਹੋਇਆ ਹੈ। ਜਿਹੜਾ ਬੰਦਾ ਬੇਗਾਨਗੀ ਦੀ ਗੱਲ ਕਰਦਾ ਹੋਵੇ, ਉਸ ਦੇ ਬਾਰੇ ਅਸੀਂ ਕਹਿੰਦੇ ਆਂ:ਉਹ ਤਾਂ ਬੋਲੀ ਹੀ ਹੋਰ ਬੋਲਦਾ। ਸਭ ਤੋਂ ਵੱਡੀ ਗੱਲ ਇਸ ਵੇਲੇ ਇਹੋ ਹੈ ਕਿ ਪੰਜਾਬ ਦੀ ਧਰਤੀ ਤੇ ਉਸਰੇ ਸਾਰੇ ਸਕੂਲਾਂ ਵਿੱਚ ਇੱਕੋ ਜਿਹੀ ਪੜ੍ਹਾਈ ਹੋਵੇ। ਇਸ ਤੋਂ ਵੀ ਵੱਡੀ ਗੱਲ, ਅੰਨੀ ਮਾਂ ਇੱਛਰਾਂ ਨੂੰ ਪੂਰਨ ਦੇ ਆਉਣ ਦੀ ਖ਼ਬਰ ਮਿਲਣ ਵਾਂਗ ਹੀ ਦਿਲਾਂ ਨੂੰ ਠੰਡ ਪਾਉਣ ਵਾਲੀ ਸੀ ਕਿ ਇਹ ਖ਼ਬਰ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਸੁਧੀਰ ਅਗਰਵਾਲ ਨੇ 18 ਅਗਸਤ 2015 ਨੂੰ ਉੱਤਰ ਪ੍ਰਦੇਸ਼ ਸਰਕਾਰ ਦੇ ਚੀਫ਼ ਸਕੱਤਰ ਨੂੰ ਨਿਰਦੇਸ਼ ਭੇਜਿਆ ਕਿ ਸਾਰੇ ਸਰਕਾਰੀ ਅਹਿਲਕਾਰ, ਲੋਕਾਂ ਦੇ ਚੁਣੇ ਹੋਏ ਸਾਰੇ ਨੁਮਾਇੰਦੇ ਤੇ ਜੁਡੀਸ਼ਰੀ ਦੇ ਮੈਂਬਰ ਆਪਣੇ ਬੱਚਿਆਂ ਨੂੰ ਉੱਤਰ ਪ੍ਰਦੇਸ਼ ਸਕੂਲ ਸਿੱਖਿਆ ਬੋਰਡ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ। ਬਹੁਤ ਗਹਿਰੇ ਅਰਥ ਨੇ ਇਸ ਨਿਰਦੇਸ਼ ਦੇ।

ਪੰਜਾਬ ਜੋ ਕਿ ਸ਼ਬਦ-ਗੁਰੂ ਦੀ ਧਰਤੀ ਹੈ, ਬਰਾਬਰੀ ਅਤੇ ਸਾਂਝੀਵਾਲਤਾ ਦਾ ਦਮ ਭਰਨ ਵਾਲੇ ਲੋਕਾਂ ਦੀ ਧਰਤੀ ਹੈ, ਰਾਜੇ ਤੇ ਰੰਕ ਦੇ ਇਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦੀ ਕਥਾ ਨੂੰ ਸੀਨਿਆਂ ਵਿੱਚ ਸਾਂਭਣ ਵਾਲੇ ਨਾਨਕ ਨਾਮ ਲੇਵਾ ਲੋਕਾਂ ਦੀ ਧਰਤੀ ਹੈ।

ਉਸ ਧਰਤੀ ਤੋਂ ਇਸ ਤਰ੍ਹਾਂ ਦੀ ਦਿਲਾਂ ਨੂੰ ਠੰਡ ਪਾਉਣ ਵਾਲੀ ਸੁਧੀਰ ਅਗਰਵਾਲ ਵਰਗੀ ਆਵਾਜ਼ ਦਾ ਹੁੰਗਾਰਾ ਕਿਉਂ ਨਾ ਉੱਠੇ? ਪੰਜਾਬ ਇਸ ਮਾਰਗ ਤੇ ਤੁਰਨ ਦੀ ਪਹਿਲ ਕਿਉਂ ਨਾ ਕਰੇ? ਪੰਜਾਬ ਇਸ ਮਾਰਗ ਤੇ ਦੇਸ਼ ਦਾ ਨੇਤਾ ਕਿਉਂ ਨਾ ਬਣੇ? ਕਿਉਂ ਨਾ ਸਾਰੇ ਸਰਕਾਰੀ ਅਹਿਲਕਾਰ, ਲੋਕਾਂ ਦੇ ਚੁਣੇ ਹੋਏ ਸਾਰੇ ਨੁਮਾਇੰਦੇ ਤੇ ਜੁਡੀਸ਼ਰੀ ਦੇ ਸਾਰੇ ਮੈਂਬਰ ਆਪਣੇ ਬੱਚਿਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰਾਈਮਰੀ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ।

ਕੋਈ ਭਾਸ਼ਾ ਮਾਨਵਤਾ ਦੇ ਭਲੇ ਲਈ ਉੱਠੀਆਂ ਲਹਿਰਾਂ ਦਾ ਮਾਧਿਅਮ ਤੇ ਸ੍ਰੋਤ ਬਣੇ, ਜਿਸ ਤਰ੍ਹਾਂ ਪੰਜਾਬੀ ਦੇ ਪ੍ਰਸੰਗ ਵਿਚ ਗੁਰਮਤਿ ਤੇ ਸੂਫ਼ੀ ਕਾਵਿ ਬਣੇ, ਇਸ ਨਾਲ ਭਾਸ਼ਾ ਦੇ ਵਿਕਾਸ ਨੂੰ ਇੱਕ ਅਦੁੱਤੀ ਹੁਲਾਰਾ ਮਿਲਦਾ ਹੈ:

**ਬਾਕੀ ਦਾ ਸਫ਼ਾ 20 ਤੇ................**

# ਮਾਂ-ਬੋਲੀ ਵਿੱਚ ਮੁੱਢਲੀ ਪੜ੍ਹਾਈ

-ਡਾ.ਹਰਸ਼ਿੰਦਰ ਕੌਰ

ਜੰਗਲ ਰਾਜ ਵਿਚ ਦਸਤੂਰ ਹੁੰਦਾ ਕਿ ਉਹੀ ਬਚਦਾ ਹੈ ਜਿਹੜਾ ਤਾਕਤਵਾਰ ਹੋਵੇ ਤੇ ਹਾਲਾਤ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਦੀ ਸਮੱਰਥਾ ਰੱਖਦਾ ਹੋਵੇ। ਬਿਲਕੁਲ ਇਹੀ ਅਸੂਲ ਬੋਲੀ ਉੱਤੇ ਲਾਗੂ ਹੁੰਦਾ ਹੈ।

ਮਾਂ ਦੀ ਗੋਦ ਵਿੱਚ ਪਏ ਬੱਚੇ ਨੂੰ ਬੋਲੀ ਸਿੱਖਣ ਲਈ ਕਿਸੇ ਸਕੂਲ ਜਾਂ ਮਾਸਟਰ ਦੀ ਲੋੜ ਨਹੀਂ ਪੈਂਦੀ। ਉਸ ਨੇ ਮਾਂ ਦੇ ਬੁੱਲ੍ਹ ਹਿੱਲਦੇ ਵੇਖਣੇ ਹਨ, ਉਸ ਦੇ ਮੂੰਹੋ ਉੱਕਰੇ ਲਫ਼ਜ ਸੁਨਣੇ ਹਨ ਤੇ ਉਸ ਦੇ ਦਿਮਾਗ਼ ਵੱਲ ਜਾਂਦੀਆਂ ਤਰੰਗਾਂ ਨੇ ਉਸ ਨੂੰ ਏਹੀ ਬੋਲੀ ਦਾ ਗੂੜ੍ਹ ਗਿਆਨ ਆਪੇ ਹੀ ਸਮਝ ਲੈਣਾ ਹੈ। ਵਚਨ, ਬਹੁ-ਵਚਨ, ਨਾਂਵ, ਪੜ੍ਹਨਾਂਵ, ਜਿਹੜੀਆਂ ਵੱਡੀਆਂ ਕਲਾਸਾਂ ਵਿਚ ਰੱਟਦਿਆਂ ਬੱਚੇ ਫੇਲ੍ਹ ਹੋ ਜਾਂਦੇ ਹਨ, ਕਿਵੇਂ ਪਹਿਲੇ ਦੋ ਤਿੰਨ ਸਾਲ ਦੀ ਉਮਰ ਵਿਚ ਆਪਣੇ ਆਪ ਹੀ ਬਿਨ ਸਿਖਾਏ ਬੱਚਿਆਂ ਦੀ ਸਮਝ ਵਿੱਚ ਆ ਜਾਂਦੇ ਹਨ। ਇਸ ਬਾਰੇ ਗੌਰ ਕਰੀਏ ਤਾਂ ਕੁਝ ਹੋਰ ਨੁਕਤੇ ਵੀ ਵੱਡਿਆਂ ਦੀ ਸਮਝ ਵਿਚ ਆਉਣ ਲੱਗ ਪੈਣਗੇ। ਇਕ ਗੱਲ ਤਾਂ ਸਾਫ਼ ਜ਼ਾਹਿਰ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਬੱਚੇ ਨੂੰ ਬਿਨਾਂ ਪੜ੍ਹਾਏ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਕੁੜੀ ਨਾਲ ਅੱਖਰ 'ਜਾਂਦੀ' ਹੀ ਲੱਗੇਗਾ ਅਤੇ ਮੁੰਡੇ ਨਾਲ 'ਜਾਂਦਾ'। ਇਹ ਵੀ ਉਹ ਫੱਟ ਸਮਝ ਲੈਂਦਾ ਹੈ ਕਿ ਇਕ ਪੰਛੀ 'ਉਡੇਗਾ' ਅਤੇ ਬਹੁਤੇ ਪੰਛੀ 'ਉਡਣਗੇ'।

ਜਦੋਂ ਬੱਚੇ ਨੂੰ ਸਕੂਲ ਵਿੱਚ ਪੜ੍ਹਨੇ ਪਾਇਆ ਜਾਂਦਾ ਹੈ ਤਾਂ ਜੇ ਅਧਿਆਪਕ ਵੀ ਉਸੇ ਮਾਂ-ਬੋਲੀ ਵਿੱਚ ਪੜ੍ਹਾ ਰਿਹਾ ਹੋਵੇ ਤਾਂ ਉਹ ਬੋਲੀ ਪਰਪੱਕ ਹੋ ਜਾਂਦੀ ਹੈ ਤੇ ਬੱਚੇ ਨੂੰ ਉਸ ਬੋਲੀ ਵਿਚ ਮੁਹਾਰਤ ਹਾਸਿਲ ਕਰਨ ਵਿਚ ਬਹੁਤਾ ਚਿਰ ਨਹੀਂ ਲਗਦਾ ਉਸ ਤੋਂ ਅਗਲੀ ਪੜ੍ਹਾਈ ਆਪਣੇ ਆਪ ਹੀ ਸੌਖੀ ਹੋ ਜਾਣੀ ਹੋਈ, ਕਿਉਂਕਿ ਹਰ ਨਵੇਂ ਸ਼ਬਦ ਅਤੇ ਨਵੀਂ ਬੋਲੀ ਨੂੰ ਸਮਝਣ ਲਈ ਉਸ ਕੋਲ ਇੱਕ ਆਧਾਰ ਹੁੰਦਾ ਹੈ ਤੇ ਉਸ ਸ਼ਬਦ ਦਾ ਆਪਣੀ ਮਾਂ-ਬੋਲੀ ਵਿਚ ਤਰਜ਼ਮਾ ਕਰਕੇ ਬੱਚਾ ਫੱਟ ਨਵੀਂ ਚੀਜ਼ ਸਿਖ ਲੈਂਦਾ ਹੈ। ਇਸ ਤਰ੍ਹਾਂ ਉਸ ਦੇ ਦਿਮਾਗ਼ ਦੀ ਸਾਫ ਸਲੇਟ ਉੱਤੇ ਉਕਰੇ ਮਾਂ ਬੋਲੀ ਦੇ ਅੱਖਰ ਉਸ ਨੂੰ ਔਖੀ ਤੋਂ ਔਖੀ ਚੀਜ਼ ਵੀ ਸੌਖੇ ਤਰੀਕੇ ਨਾਲ ਸਮਝਣ ਵਿਚ ਮਦਦ ਕਰਦੇ ਹਨ।

ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜੇ ਮਾਂ ਬੋਲੀ ਵਿੱਚ ਹੀ ਮੁੱਢਲੀ ਪੜ੍ਹਾਈ ਜਾਰੀ ਰਹੇ ਤਾਂ ਬੱਚੇ ਦਾ ਪੜ੍ਹਾਈ ਵਿੱਚ ਮਨ ਟਿਕਦਾ ਹੈ ਤੇ ਇਹ ਉਸ ਦੇ ਵਧਦੇ ਦਿਮਾਗ਼ ਦੇ ਵੱਧਣ ਫੁਲਣ ਲਈ ਸਹਾਈ ਵੀ ਹੁੰਦੀ ਹੈ। ਬੱਚੇ ਨੂੰ ਸਕੂਲ ਵਿਚ ਵੀ ਮਾਂ-ਬੋਲੀ ਸੁਣ ਕੇ ਅਪਣੱਤ ਜਿਹੀ ਲਗਦੀ ਹੈ ਤੇ ਉਹ ਸਕੂਲ ਵੀ ਛੇਤੀ ਹੀ ਬੈਠਣਾ ਸਿਖ ਲੈਂਦਾ ਹੈ ਅਤੇ ਆਪਣੀ ਬੋਲੀ ਬੋਲਣ ਵਾਲੇ ਕਿਸੇ ਹਾਣੀ ਨਾਲ ਦੋਸਤੀ ਵੀ ਗੰਢ ਲੈਂਦਾ ਹੈ ਇਸ ਤਰ੍ਹਾਂ ਸਕੂਲ ਦੇ ਮੁੱਢਲੇ ਦਿਨ ਲੰਘਾਉਣੇ ਬੱਚੇ ਲਈ ਅਤੇ ਮਾਪਿਆਂ ਲਈ ਸੁਖ਼ਾਲੇ ਹੋ ਜਾਂਦੇ ਹਨ। ਇਹ ਪਹਿਲੇ ਔਖੇ ਪੜਾਅ ਜੇ ਇਸ ਤਰ੍ਹਾਂ ਸੁਖ਼ਾਲੇ ਕਰ ਦਿੱਤੇ ਜਾਣ ਤਾਂ ਬੱਚੇ ਅੰਦਰ ਨਵੀਆਂ ਚੀਜ਼ਾਂ ਸਿੱਖਣ ਦਾ ਚਾਅ ਵਧਣਾ ਸ਼ੁਰੂ ਹੋ ਜਾਂਦਾ ਹੈ ਤੇ ਉਹ ਨਵੀਆਂ ਬੋਲੀਆਂ ਵੀ ਧੜਾਧੜ ਦਿਮਾਗ਼ੀ ਤੌਰ ਤੇ ਆਪਣੀ ਮਾਂ-ਬੋਲੀ ਵਿਚ ਤਰਜ਼ਮਾ ਕਰਕੇ ਸਿੱਖੀ ਤੁਰੀ ਜਾਂਦਾ ਹੈ। ਇਸ ਮਾਂ-ਬੋਲੀ ਦਾ ਬੱਚੇ ਦੇ ਵਿਕਾਸ ਉੱਤੇਏਨਾ ਡੂੰਘਾ ਅਸਰ ਹੁੰਦਾ ਹੈ ਕਿ ਜਵਾਨ ਹੋ ਜਾਣ ਤੇ ਵੀ ਇਨਸਾਨ ਆਪਣੀਆਂ ਜੜ੍ਹਾਂ ਨੂੰ ਵੀ ਭੁੱਲਦਾ ਨਹੀਂ ਤੇ ਬੁਢੇਪਾ ਆ ਜਾਣ ਤੇ ਵੀ ਆਪਣੀ ਮਾਂ-ਬੋਲੀ ਤੇ ਆਪਣੇ ਜਨਮ ਅਸਥਾਨ ਅਤੇ ਉਸ ਮਿੱਟੀ ਨਾਲ ਮੋਹ ਪਾਲੀ ਰੱਖਦਾ ਹੈ। ਉਸ ਨੂੰ ਆਪਣੀ ਮਾਂ-ਬੋਲੀ ਬੋਲਣ ਵਾਲਾ ਹਰ ਇਨਸਾਨ ਵਤਨੋਂ ਪਾਰ ਵੀ ਮਿਲ ਜਾਣ 'ਤੇ ਆਪਣਾ ਹੀ ਕੋਈ ਰਿਸ਼ਤੇਦਾਰ ਜਾਪਦਾ ਹੈ। ਇਸ ਮਾਂ-ਬੋਲੀ ਸਦਕਾ ਪ੍ਰੇਮ ਦੀ ਭਾਵਨਾ ਅਤੇ ਆਪਣੇ ਪਰਾਏ ਦਾ ਫ਼ਰਕ ਬੱਚੇ ਦੇ ਮਨ ਵਿਚ ਆਪਣੇ ਆਪ ਹੀ ਵੱਸ ਜਾਂਦਾ ਹੈ।

ਆਓ ਹੁਣ ਦੂਸਰਾ ਪੱਖ ਵੇਖੀਏ। ਬੱਚੇ ਦੀ ਮਾਂ-ਬੋਲੀ ਦੇ ਉਲਟ ਉਸ ਨੂੰ ਸਕੂਲ ਵਿਚ ਨਵੇਂ ਮਾਹੌਲ ਵਿਚ ਨਵੇਂ ਹਾਣੀਆਂ ਵਿਚ ਕਿਸੇ ਐਸੀ ਜ਼ੁਬਾਨ ਵਿਚ ਬੁਲਾਇਆ ਜਾਵੇ, ਜਿਸ ਦੀ ਡੂੰਘਿਆਈ ਬਾਰੇ ਬੱਚੇ ਨੂੰ ਪੂਰਾ ਪਤਾ ਨਾ ਹੋਵੇ ਤਾਂ ਬੱਚਾ ਆਪਣੇ ਆਪ ਨੂੰ ਓਪਰਾ ਜਿਹਾ ਮਹਿਸੂਸ ਕਰਨ ਲੱਗ ਪੈਂਦਾ ਹੈ ਤੇ ਛੇਤੀ ਸਕੂਲ ਦੇ ਮਾਹੌਲ ਵਿਚ ਨਹੀਂ ਰਚਦਾ। ਨਤੀਜੇ ਵਜੋਂ ਰੋਜ਼ ਸਕੂਲ ਰੋ-ਪਿੱਟ ਕੇ ਜਾਣਾ ਸ਼ੁਰੂ ਕਰ ਦਿੰਦਾ ਹੈ।

ਜਿਵੇਂ ਹੌਲੀ ਹੌਲੀ ਉਹ ਨਵੀਂ ਬੋਲੀ ਦੇ ਸ਼ਬਦ ਸਿੱਖਦਾ ਹੈ ਤੇ ਉਸ ਜ਼ੁਬਾਨ ਨੂੰ ਅਪਣਾਉਣ ਲੱਗਦਾ ਹੈ ਤਾਂ ਉਸ ਦੇ ਦਿਮਾਗ਼ ਵਿਚ ਦੋਚਿਤੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਕਿਉਂਕਿ ਘਰ ਅਤੇ ਸਕੂਲਾਂ ਦੀ ਬੋਲੀ ਵੱਖਰੀ ਹੋਣੀ ਸ਼ੁਰੂ ਹੋ ਜਾਂਦੀ ਹੈ। ਨਤੀਜੇ ਵਜੋਂ ਦੋ ਭਾਸ਼ਾਵਾਂ ਦਾ ਮਿਸ਼ਰਨ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ। ਜਿੱਥੇ ਉਹ ਆਪਣੀ ਪਰਪੱਕ ਮਾਂ-ਬੋਲੀ ਦੇ ਘੱਟ ਵਰਤੋਂ ਵਿੱਚ ਆਉਣ ਵਾਲੇ ਅੱਖਰ ਹੌਲੀ ਹੌਲੀ ਭੁੱਲਣੇ ਸ਼ੁਰੂ ਹੋ ਜਾਂਦੇ ਹਨ, ਉਥੇ ਨਵੀਂ ਬੋਲੀ ਦੀ ਅੱਧ-ਪਚੱਧ ਜਾਣਕਾਰੀ ਵਾਲੇ ਪੁੱਠੇ ਸਿੱਧੇ ਸ਼ਬਦ ਮਨ ਵਿੱਚ ਵਸਾਉਂਦਾ ਤੁਰੀ ਜਾਂਦਾ ਹੈ, ਕਿਉਂਕਿ ਨਵੀਂ ਬੋਲੀ ਦੀ ਡੂੰਘਿਆਈ ਵਿਚ ਜਾਣਕਾਰੀ ਨਹੀਂ ਹੁੰਦੀ, ਸੋ ਉਹ ਪੂਰੀ ਤਰ੍ਹਾਂ ਨਵੀਂ ਬੋਲੀ ਨੂੰ ਛੇਤੀ ਅਪਣਾਅ ਨਹੀਂ ਸਕਦਾ ਤੇ ਉਸ ਨੂੰ ਬੋਲਣ ਲੱਗਿਆਂ ਸ਼ੁਰੂ ਵਿਚ ਘਬਰਾਹਟ ਮਹਿਸੂਸ ਕਰਦਾ ਰਹਿੰਦਾ ਹੈ। ਜੇ ਕਿਤੇ ਉਸ ਦੇ ਬੋਲਣ ਤੇ ਮਜ਼ਾਕ ਉੱਡ ਜਾਵੇ ਤਾਂ ਉਸ ਦੇ ਆਤਮ ਵਿਸ਼ਵਾਸ਼ ਨੂੰ ਠੇਸ ਪੁੱਜ ਜਾਂਦੀ ਹੈ ਤੇ ਕਈ ਵਾਰ ਬੱਚਾ ਥਥਲਾਉਣਾ ਸ਼ੁਰੂ ਹੋ ਜਾਂਦਾ ਹੈ ਜਾਂ ਪਜਾਮੀਂ ਵਿਚ ਪੇਸ਼ਾਬ ਕਰਨ ਲੱਗ ਜਾਂਦਾ ਹੈ ਜਾਂ ਸਕੂਲ ਜਾਣ ਤੋਂ ਕਤਰਾਉਣ ਲੱਗ ਪੈਂਦਾ ਹੈ।

ਇਹ ਸਭ ਬੱਚੇ ਦੇ ਜਵਾਨ ਹੋਣ ਦੀ ਮਨੋ ਦਸ਼ਾ ਤੇ ਡੂੰਘਾ ਅਸਰ ਪਾਉਂਦਾ ਹੈ, ਕਿਉਂਕਿ ਜਿਸ ਕਿਸੇ ਦੇ ਵੀ ਆਤਮ ਵਿਸ਼ਵਾਸ਼ ਤੇ ਸੱਟ ਵੱਜ ਜਾਏਉਸ ਦੇ ਮਨੋ ਬਲ ਦੇ ਡਿਗਦੇ ਸਾਰ ਉਹ ਢਹਿੰਦੀ ਕਲਾ ਵਿਚ ਛੇਤੀ ਹੀ ਪਹੁੰਚ ਜਾਂਦਾ ਹੈ।ਜੇ ਮਨੋਵਿਗਿਆਨਕ ਪੱਖ ਵੇਖੀਏ ਤਾਂ ਬੱਚੇ ਦੇ ਸੰਪੂਰਨ ਦਿਮਾਗ਼ੀ

ਵਿਕਾਸ ਲਈ ਬੱਚੇ ਦੇ ਸ਼ੁਰੂ ਦੇ ਪੜ੍ਹਾਈ ਦੇ ਸਾਲ ਉਸ ਦੀ ਮਾਂ-ਬੋਲੀ ਵਿਚ ਹੀ ਹੋਣੇ ਚਾਹੀਦੇ ਹਨ,ਕਿਉਂਕਿ ਬਹੁਤੀ ਦੇਰ ਬੱਚੇ ਨੇ ਮਾਂ ਨਾਲ ਹੀ ਲੰਘਾਉਣੀ ਹੁੰਦੀ ਹੈ। ਇਸ ਲਈ ਬੋਲੀ ਨੂੰ ਮਾਂ-ਬੋਲੀ ਕਿਹਾ ਜਾਣ ਲੱਗ ਪਿਆ ਹੈ। ਦੁਨੀਆਂ ਭਰ ਵਿਚ ਲਗਭਗ 6800 ਬੋਲੀਆਂ ਪ੍ਰਚਲਿਤ ਹਨ। ਜਿੰਨਾਂ ਵਿੱਚੋਂ ਹਰ ਪੰਦਰੀਂ ਦਿਨੀਂ ਇੱਕ ਬੋਲੀ ਖ਼ਤਮ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਬੋਲੀ ਬੋਲਣ ਵਾਲੇ ਖ਼ਤਮ ਹੁੰਦੇ ਜਾ ਰਹੇ ਹਨ ਜਾਂ ਉਸ ਕੌਮ ਨੇ ਦੂਜੀ ਬੋਲੀ ਅਪਣਾਅ ਲਈ ਹੈ। ਪੰਜਾਬੀ ਬੋਲੀ ਇਸ ਵੇਲੇ ਦੁਨੀਆਂ ਦੀਆਂ ਪ੍ਰਚਲਿਤ ਬੋਲੀਆਂ ਵਿਚੋਂ ਬਾਰ੍ਹਵੇਂ ਜਾਂ ਤੇਰ੍ਹਵੇਂ ਨੰਬਰ ਉੱਤੇ ਆਉਂਦੀ ਹੈ, ਭਾਵੇਂ ਉਹ ਪਾਕਿਸਤਾਨ ਵਿਚ ਬੋਲੀ ਜਾ ਰਹੀ ਹੋਵੇ ਜਾ ਹਿੰਦੁਸਤਾਨ ਵਿਚ ਜਾਂ ਇੰਗਲੈਂਡ ਵਿਚ। ਇਸ ਬੋਲੀ ਨੂੰ ਬੋਲਣ ਵਾਲੇ ਪੰਜਾਬੀਆਂ ਵਿਚਲੀ ਸਿੱਖ ਕੌਮ ਸਿਰਫ 1.9 ਫੀਸਦੀ ਹੈ।

ਪੰਜਾਬ ਵਿਚ ਚਾਰ-ਚੁਫ਼ੇਰੇ ਗਲੀ ਗਲੀ ਅੰਗਰੇਜ਼ੀ ਮਾਧਿਅਮ ਵਾਲੇ ਪ੍ਰੈਪਰੇਟਰੀ ਸਕੂਲ ਖੁੱਲ੍ਹ ਚੁੱਕੇ ਹਨ। ਘਰਾਂ ਵਿੱਚ ਪੰਜਾਬੀ ਬੋਲਦੇ ਬੱਚੇ ਜਦੋਂ ਸਿੱਧਾ ਅੰਗਰੇਜ਼ੀ ਜ਼ੁਬਾਨ ਸੁਨਣ ਲੱਗਦੇ ਹਨ ਜਾਂ ਉਨ੍ਹਾਂ ਨੂੰ ਅੰਗਰੇਜ਼ੀ ਬੋਲਣ ਤੇ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਉਹ ਉੱਪਰ ਦੱਸੀਆਂ ਹਾਲਤਾਂ ਅਨੁਸਾਰ ਸ਼ੁਰੂ ਵਿੱਚ ਸਕੂਲ ਜਾਣ ਦੇ ਨਾਂ ਤੋਂ ਹੀ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦੇ ਹਨ। ਜਿਉਂ ਜਿਉਂ ਅੰਗਰੇਜ਼ੀ ਦੇ ਰੰਗ ਵਿਚ ਬੱਚੇ ਰੰਗਦੇ ਜਾ ਰਹੇ ਹਨ, ਤਿਉਂ ਤਿਉਂ ਪੰਜਾਬੀ ਬੱਚੇ ਆਪਣੀ ਧਰਤੀ, ਆਪਣੀ ਪਛਾਣ, ਆਪਣੀ ਮਿੱਠੀ ਮਾਂ-ਬੋਲੀ ਤੋਂ ਹੌਲੀ ਹੌਲੀ ਪਰ੍ਹਾਂ ਹੁੰਦੇ ਜਾ ਰਹੇ ਹਨ। 'ਇਹ ਪੰਜਾਬੀ ਸਭਿਅਤਾ ਦੇ ਖ਼ਾਤਮੇ ਲਈ ਸ਼ੁਰੂਆਤ ਹੈ। ਜੇ ਇਸੇ ਤਰ੍ਹਾਂ ਅੰਗਰੇਜ਼ੀ ਦੇ ਵਿਛਾਏ ਜਾਲ ਵਿੱਚ ਸਾਡੇ ਬੱਚੇ ਫੱਸਦੇ ਜਾ ਰਹੇ ਤਾਂ ਸਹੀ ਅਰਥਾਂ ਵਿੱਚ ਅੰਗਰੇਜ਼ੀ ਅਤੇ ਅੰਗਰੇਜ਼ੀ ਸੱਭਿਅਤਾ ਦਾ ਰਾਜ ਇਸ ਧਰਤੀ ਉਪਰ ਹੋ ਜਾਣਾ ਹੈ ਤੇ ਹਰ ਪੰਦਰੀਂ ਦਿਨੀਂ ਖ਼ਤਮ ਹੁੰਦੀਆਂ ਬੋਲੀਆਂ ਵਿੱਚ ਪੰਜਾਬੀ ਬੋਲੀ ਦੀ ਵਾਰੀ ਵੀ ਛੇਤੀ ਹੀ ਆ ਜਾਣੀ ਹੈ'।

ਹਾਲਾਤ ਇਹ ਹਨ ਕਿ ਅੱਜ ਦੇ ਦਿਨ ਪੰਜਾਬ ਵਿਚ ਪੰਜਾਬੀ ਬੋਲਣ ਵਾਲੇ ਨੂੰ ਅਨਪੜ੍ਹ ਕਰਾਰ ਦਿੱਤਾ ਜਾਣ ਲੱਗ ਪਿਆ ਹੈ। ਦੂਜੇ ਪਾਸੇ ਟੁੱਟੀ ਫੁੱਟੀ ਅੰਗਰੇਜ਼ੀ ਬੋਲਣ ਵਾਲਾ ਵੀ ਆਪਣੇ ਆਪ ਨੂੰ ਕਿਸੇ ਅੰਗਰੇਜ਼ ਅਫਸਰ ਤੋਂ ਘੱਟ ਨਹੀਂ ਸਮਝਦਾ।ਕਿਸ ਸੱਭਿਆਚਾਰਕ ਸਮਾਗਮ ਤੇ ਜਿੱਥੇ ਕਾਫੀ ਵੱਡੇ ਅਫਸਰ ਮੌਜੂਦ ਸਨ, ਮੈਨੂੰ ਕਿਸੇ ਅਫਸਰ ਨੇ ਇਕ ਪੰਜਾਬੀ ਆਈ.ਏ.ਐਸ. ਅਫਸਰ ਨਾਲ ਜਾਣ ਪਛਾਣ ਕਰਵਾਉਂਦਿਆਂ ਮੇਰੇ ਬਾਰੇ ਉਸ ਨੂੰ ਦੱਸਿਆ ਕਿ ਇਹ ਪੰਜਾਬੀ ਵਿਚ ਬੱਚਿਆ ਬਾਰੇ ਲਿੱਖਦੀ ਹੈ। ਉਸ ਅਫ਼ਸਰ ਨੇ ਅਜੀਬ ਜਿਹੀਆਂ ਨਜ਼ਰਾਂ ਨਾਲ ਘੂਰ ਕੇ ਮੈਨੂੰ ਪੁੱਛਿਆ, 'ਲੱਗਦੇ ਤਾਂ ਪੜ੍ਹੇ-ਲਿਖੇ ਹੋ' ! ਜਦੋਂ ਮੈਂ ਉਸ ਨੂੰ ਦੱਸਿਆ ਕਿ ਮੈਂ ਬੱਚਿਆਂ ਦੇ ਰੋਗਾਂ ਦੀ ਮਾਹਿਰ ਹਾਂ ਤਾਂ ਉਹ ਹੋਰ ਵੀ ਹੈਰਾਨ ਹੋ ਕੇ ਕਹਿਣ ਲੱਗਾ, ਮੈਡਮ, ਜੇ ਅੰਗਰੇਜ਼ੀ ਵਿੱਚ ਲਿੱਖਦੇ ਤਾਂ ਰਾਤੋਂ ਰਾਤ ਮਸ਼ਹੂਰ ਹੋ ਜਾਣਾ ਸੀ, ਕਿਉਂਕਿ ਲੋਕ ਆਪਣੇ ਬੱਚਿਆਂ ਬਾਰੇ ਬਹੁਤ ਫ਼ਿਕਰਮੰਦ ਹਨ। ਪੰਜਾਬੀ ਵਿਚ ਲਿਖਦੇ ਰਹੇ ਤਾਂ ਸਾਰੀ ਜ਼ਿੰਦਗੀ ਬਰਬਾਦ ਕਰ ਲਵੋਗੇ ਤੇ ਤੁਹਾਨੂੰ ਕੋਈ ਵੀ ਪਛਾਨਣ ਨਹੀਂ ਲਗਾ। ਪੰਜਾਬੀ ਵਿਚ ਲਿਖਣ ਵਾਲੇ ਕੰਗਾਲੀ ਅਤੇ ਮੰਦਹਾਲੀ ਵਿਚ ਹੀ ਜ਼ਿੰਦਗੀ ਲੰਘਾਉਂਦੇ ਹਨ ਤੇ ਆਪਣੇ ਘਰ ਤੋਂ ਬਾਹਰ ਉਨ੍ਹਾਂ ਨੂੰ ਕੋਈ ਨਹੀਂ ਪਛਾਣ ਦਾ। ਮੈਂ ਕਿਹਾ, 'ਪੰਜਾਬ ਦੀ ਬਦਨਸੀਬੀ ਹੈ ਕਿ ਤੁਹਾਡੇ ਵਰਗੇ ਅਫ਼ਸਰ ਇਸ ਦੇ ਸਰਪ੍ਰਸਤ ਹਨ। ਵੈਸੇ ਮੈਂ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਮੈਂ ਅੰਗਰੇਜ਼ੀ ਵਿੱਚ ਵੀ ਕਈ ਲੇਖ ਲਿਖੇ ਹਨ ਤੇ ਉਹ ਅੰਗਰੇਜ਼ੀ ਅਖਬਾਰਾਂ ਵਿਚ ਅਤੇ ਅੰਗਰੇਜ਼ੀ ਰਸਾਲਿਆਂ ਵਿੱਚ ਛਾਪੇ ਵੀ ਹਨ ਅਤੇ ਮੇਰੀ ਡਾਕਟਰੀ ਪੜ੍ਹਾਈ ਵੀ ਅੰਗਰੇਜ਼ੀ ਵਿੱਚ ਹੈ। ਸਾਡੀਆਂ ਸਾਰੀਆਂ ਖੋਜਾਂ ਅਤੇ ਕਾਨਫਰੰਸਾਂ ਵੀ ਅੰਗਰੇਜ਼ੀ ਵਿੱਚ ਹੀ ਹੁੰਦੀਆਂ ਹਨ ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਮੇਰਾ ਮੋਹ ਪੰਜਾਬੀ ਜਾਂ ਪੰਜਾਬੀ ਬੋਲੀ ਨਾਲੋਂ ਟੁੱਟ ਗਿਆ ਹੈ। ਮੈਂ ਤਾਂ ਆਪਣੀ ਮਾਂ ਦਾ ਰਿਣ ਉਤਾਰ ਰਹੀ ਹਾਂ ਆਪਣੀ ਮਾਂ-ਬੋਲੀ ਪੰਜਾਬੀ ਵਿਚ ਲਿਖ ਕੇ। ਮੇਰੇ ਪਿਤਾ ਪ੍ਰੋਫੈਸਰ, ਪ੍ਰੀਤਮ ਸਿੰਘ ਨੇ ਹਾਅ ਦਾ ਨਾਅਰਾ ਮਾਰਿਆ ਸੀ, ਪੰਜਾਬੀ ਬੋਲੀ ਦੀਆਂ ਜੜ੍ਹਾਂ ਵਿਚ ਤੇਲ ਪੈਂਦਾ ਦੇਖ ਕੇ। ਮੈਂ ਤਾਂ ਸਿਰਫ ਉਸੇ ਬੁਲੰਦ ਆਵਾਜ਼ ਦਾ ਵਿਗਿਆਨਕ ਵਿਸ਼ਲੇਸ਼ਣ ਕਰਕੇ ਸਮਝਾਉਣਾ ਚਾਹ ਰਹੀ ਹਾਂ ਕਿ ਆਪਣੀ ਬੋਲੀ ਦੇ ਵਿਕਾਸ ਲਈ ਬੋਲੀ ਨੂੰ ਚੰਗੇ ਸਾਹਿਤ ਨਾਲ ਭਰਪੂਰ ਕਰਨਾ ਜ਼ਰੂਰੀ ਹੈ। ਉਹ ਅਫਸਰ ਥੋੜਾ ਖਿੱਝ ਕੇ ਬੋਲੇ, ਇਸ ਦਾ ਮਤਲਬ ਤੁਹਾਡੇ ਪਿਤਾ ਵੀ ਪੰਜਾਬੀ ਚ ਲਿਖ ਤੇ ਗੁੰਮਨਾਮੀ ਦੇ ਹਨੇਰੇ ਵਿਚ ਹੀ ਜ਼ਿੰਦਗੀ ਲੰਘਾ ਰਹੇ ਹਨ'।

ਮੈਂ ਜਵਾਬ ਦਿੱਤਾ, "ਉਨ੍ਹਾਂ ਨੂੰ ਪੰਜਾਬੀ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ।ਪਰ ਵੈਸੇ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਉਹ ਹਿੰਦੁਸਤਾਨ ਦੇ ਰਾਸ਼ਟਰਪਤੀ ਤੋਂ ਸਨਮਾਨਿਤ ਤਾਂ ਹੋ ਹੀ ਗਏ ਸਨ ਤੇ ਕੈਲੀਫੋਰਨੀਆਂ ਦੀ ਸੈਨਹੋਜ਼ੇ ਯੂਨੀਵਰਸਿਟੀ ਨੇ ਉਨ੍ਹਾਂ ਦੀ ਪੰਜਾਬ ਵਿੱਚ ਪਾਈ ਦੇਣ ਕਾਰਨ ਆਨਰੇਰੀ ਪ੍ਰੋਫੈਸਰਸ਼ਿਪ ਵੀ ਦੇ ਦਿੱਤੀ ਹੋਈ ਸੀ। ਇਹ ਹੁੰਦਾ ਹੈ ਆਪਣੀ ਮਾਂ ਬੋਲੀ ਨੂੰ ਪ੍ਰਫੁਲਿੱਤ ਕਰਨ ਵਾਲਿਆਂ ਦਾ ਇਨਾਮ। ਤੁਹਾਡੀ ਜਾਣਕਾਰੀ ਵਿਚ ਵਾਧੇ ਲਈ ਮੈਂ ਦੱਸ ਦਿਆਂ ਕਿ ਮੈਨੂੰ ਵੀ ਲਿਖਤਾਂ ਕਾਰਨ ਪੰਜਾਬ ਸਰਕਾਰ ਅਤੇ ਹਰਿਆਣਾ ਦੇ ਗਵਰਨਰ ਸਨਮਾਨਿਤ ਕਰ ਚੁੱਕੇ ਹਨ। ਇਸ ਪਾਰਟੀ ਵਿਚ ਇਸ ਮਾਮਲੇ ਨੂੰ ਲੈ ਕੇ ਕਾਫ਼ੀ ਗਰਮਾ-ਗਰਮ ਬਹਿਸ ਛਿੜ ਪਈ ਮੇਰੇ ਵੱਲ ਦੇ ਕਈ ਪੰਜਾਬੀ ਹਿਤੈਸ਼ੀ ਖੜ੍ਹੇ ਹੋ ਗਏ ਸਨ, ਨਹੀਂ ਤਾਂ ਸ਼ਾਇਦ ਮੇਰੀ ਸਰਕਾਰੀ ਨੌਕਰੀ ਖਤਰੇ ਵਿੱਚ ਆ ਜਾਂਦੀ।

ਅਜਿਹੀ ਬਹਿਸ ਤਾਂ ਹਮੇਸ਼ਾ ਹੀ ਚਲਦੀ ਰਹੇਗੀ, ਜਿੱਥੇ ਵੀ ਕਿਤੇ ਕੋਈ ਪੰਜਾਬੀ ਬੋਲੀ ਦਾ ਹਿਤੈਸ਼ੀ ਖੜ੍ਹਾ ਹੋਵੇਗਾ, ਪਰ ਸਾਨੂੰ ਤਾਂ ਪਹਿਲਾਂ ਆਪਣੇ ਬੱਚਿਆਂ ਦੇ ਮਾਨਸਿਕ ਵਿਕਾਸ ਵਲ ਧਿਆਨ ਦੇਣਾ ਚਾਹੀਦਾ ਹੈ ਜਿਸ ਦਾ ਸਿੱਧਾ ਵਾਸਤਾ ਮਾਂ-ਬੋਲੀ ਨਾਲ ਹੈ।

ਜੇ ਅਸੀਂ ਆਪਣੇ ਬੱਚਿਆਂ ਦੀ ਸਿਰਫ ਪਹਿਲੇ ਤਿੰਨ ਸਾਲ ਦੀ ਪੜ੍ਹਾਈ ਮਾਂ-ਬੋਲੀ ਵਿਚ ਕਰਾਉਣ ਉਤੇ ਜ਼ੋਰ ਪਾਇਆ ਤਾਂ ਬੱਚੇ ਦੇ ਸੰਪੂਰਨ ਵਿਕਾਸ ਦੇ ਨਾਲ ਨਾਲ ਪੰਜਾਬੀ ਬੋਲੀ ਦੇ ਖਾਤਮੇ ਵੱਲ ਜਾਂਦੇ ਕਦਮ ਵੀ ਰੁਕ ਜਾਣਗੇ।

**ਬਾਕੀ ਸਫ਼ਾ 27 'ਤੇ...........**

# ਮਾਂ ਬੋਲੀ ਅਤੇ ਸੰਪਰਕ ਭਾਸ਼ਾ

✍ -ਕੁਲਦੀਪ ਨਈਅਰ

ਮੈਂ ਇਹ ਸੋਚ ਕੇ ਡਰ ਜਾਂਦਾ ਹਾਂ ਕਿ 50 ਸਾਲ ਬਾਅਦ ਕੀ ਹਾਲਤ ਹੋਵੇਗੀ ? ਮਾਪੇ ਕਹਿੰਦੇ ਹਨ ਕਿ ਘਰ ਵਿਚ ਅੰਗਰੇਜ਼ੀ ਬੋਲੋ ਅਤੇ ਬੱਚਿਆਂ ਦੀਆਂ ਅੱਖਾਂ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਉਤੇ ਲੱਗੀਆਂ ਹੋਈਆਂ ਹਨ। ਐਸੀ ਹਾਲਤ ਵਿਚ ਪੰਜਾਬੀ ਦੀ ਹੈਸੀਅਤ ਹੋਰ ਘਟ ਜਾਵੇਗੀ। ਜਾਪਦਾ ਹੈ ਕਿ ਭਾਰਤ ਦੀ ਭਾਸ਼ਾ-ਨੀਤੀ ਇਕ ਨੁਕਤੇ ਤੇ ਨਿਸ਼ਚਿਤ ਹੋ ਗਈ ਹੈ, ਅੰਗ੍ਰੇਜ਼ੀ ਸੰਪਰਕ ਭਾਸ਼ਾ ਅਤੇ ਹਿੰਦੀ ਕੇਂਦਰੀ ਭਾਸ਼ਾ। ਇਥੇ ਉਥੇ ਕੁਝ ਸਮੱਸਿਆਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਪਰ ਜਾਂ ਤਾਂ ਸਮਾਂ ਪਾ ਕੇ ਉਹ ਆਪੇ ਖ਼ਤਮ ਹੋ ਜਾਂਦੀਆਂ ਹਨ ਜਾਂ ਕਾਨੂੰਨ ਅਤੇ ਪ੍ਰੰਪਰਾ ਅਨੁਸਾਰ ਨਜਿੱਠ ਲਈਆਂ ਜਾਂਦੀਆਂ ਹਨ। ਮੇਰੀ ਚਿੰਤਾ ਹੋਰ ਭਾਰਤੀ ਬੋਲੀਆਂ ਬਾਰੇ ਹੈ। ਸੰਵਿਧਾਨ ਵਿਚ ਅਜੇਹੀਆਂ ਸੋਲਾਂ ਭਾਸ਼ਾਵਾਂ ਦਰਜ ਕੀਤੀਆਂ ਗਈਆਂ ਹਨ। ਸਪੱਸ਼ਟ ਦਿਸਦਾ ਹੈ ਕਿ ਇਹਨਾਂ ਬੋਲੀਆਂ ਨੂੰ ਕੋਈ ਪੁੱਛਦਾ ਨਹੀਂ। ਕੇਂਦਰ ਸਰਕਾਰ ਨੇ ਆਪਣਾ ਸਾਰਾ ਧਿਆਨ ਅੰਗ੍ਰੇਜ਼ੀ ਅਤੇ ਹਿੰਦੀ ਉੱਤੇ ਕੇਂਦਰਿਤ ਕੀਤਾ ਹੋਇਆ ਹੈ। ਹਿੰਦੀ ਭਾਸ਼ਾ ਅਤੇ ਗੈਰ-ਹਿੰਦੀ ਭਾਸ਼ਾ ਇਲਾਕਿਆਂ ਦੇ ਲੋਕਾਂ ਨਾਲ ਸਰਕਾਰ ਨੇ ਇਕ ਸਮਝੋਤਾ ਕੀਤਾ ਹੋਇਆ ਹੈ। ਸਰਕਾਰ ਇਸ ਸਮਝੋਤੇ ਦਾ ਪਾਲਣ ਕਰਦੀ ਹੈ।

ਇਸ ਦੇ ਬਾਵਜੂਦ ਨਵੀਂ ਦਿੱਲੀ ਦਾ ਖੇਤਰੀ ਭਾਸ਼ਾਵਾਂ ਜਾਂ ਮਾਂ-ਬੋਲੀਆਂ ਬਾਰੇ ਕੋਈ ਕਾਨੂੰਨੀ ਫ਼ਰਜ ਬਣਦਾ ਹੈ ਇਨ੍ਹਾਂ ਬੋਲੀਆਂ ਦਾ ਵੀ ਹੱਕ ਬਣਦਾ ਹੈ ਕਿ ਉਹ ਤਰੱਕੀ ਕਰਨ ਅਤੇ ਆਪਣੇ ਲੋਕਾਂ ਦੀ ਪਛਾਣ ਨੂੰ ਬਣਾਈ ਰੱਖਣ। ਇਸ ਮਾਮਲੇ ਵਿੱਚ ਕੇਂਦਰ ਸਰਕਾਰ ਫੇਲ੍ਹ ਹੈ। ਜਿਨ੍ਹਾਂ ਸੂਬਿਆਂ ਦੀ ਇਨ੍ਹਾਂ ਬੋਲੀਆਂ ਨੂੰ ਪ੍ਰਫੁਲਿਤ ਕਰਨ ਦੀ ਜਿੰਮੇਵਾਰੀ ਹੈ, ਉਨ੍ਹਾਂ ਪਾਸ ਫੰਡ ਨਹੀਂ ਹਨ, ਜਿੰਨਾਂ ਕੋਲ ਫੰਡ ਹਨ ਵੀ, ਉਨ੍ਹਾਂ ਪਾਸ ਮਾਤ-ਭਾਸ਼ਾ ਨੂੰ ਪ੍ਰਫੁਲਿਤ ਕਰਨ ਵਾਲੀ ਸੋਚ ਅਤੇ ਦ੍ਰਿਸ਼ਟੀ ਨਹੀਂ ਹੈ।

ਸਪੱਸ਼ਟ ਰੂਪ ਵਿੱਚ ਦਿਖਾਈ ਦੇਂਦਾ ਹੈ ਕਿ ਸਰਕਾਰ ਨੇ ਅੰਗ੍ਰੇਜ਼ੀ ਅਤੇ ਹਿੰਦੀ ਨੂੰ ਮਹੱਤਵਪੂਰਨ ਸਥਿਤੀ ਵਿਚ ਰੱਖ ਕੇ ਖੇਤਰੀ ਭਾਸ਼ਾਵਾਂ ਨੂੰ ਮਹੱਤਵਹੀਣ ਕਰ ਦਿੱਤਾ ਹੈ। ਜਿਵੇਂ ਨਵੀਂ ਦਿਲੀ ਨੇ ਸੰਪਰਕ ਅਤੇ ਕੇਂਦਰੀ ਭਾਸ਼ਾ ਉਤੇ ਹੀ ਜ਼ੋਰ ਦਿੱਤਾ ਹੋਇਆ ਹੈ, ਉਸ ਤੋਂ ਇਹੀ ਪ੍ਰਭਾਵ ਮਿਲਦਾ ਹੈਕਿ ਕੇਵਲ ਅੰਗ੍ਰੇਜ਼ੀ ਅਤੇ ਹਿੰਦੀ ਹੀ ਮਹਤੱਵਪੂਰਨ ਹਨ। ਕੁਦਰਤੀ ਹੈ ਕਿ ਇਸ ਹਾਲਤ ਵਿਚ ਵਿਦਿਆਰਥੀ ਇਨ੍ਹਾਂ ਭਾਸ਼ਾਵਾਂ ਵੱਲ ਹੀ ਧਿਆਨ ਦੇਣਗੇ। ਇਕ ਵਰਤਾਰਾ ਹੋਰ ਵੀ ਵਰਤ ਰਿਹਾ ਹੈ: ਅੰਗ੍ਰੇਜ਼ੀ ਹਿੰਦੀ ਨੂੰ ਪਿੱਛੇ ਧੱਕਦੀ ਜਾ ਰਹੀ, ਕਿਉਂਕਿ ਬਾਜ਼ਾਰ ਵਿਚ ਅਤੇ ਸਰਕਾਰ ਵਿਚ ਨੌਕਰੀ ਲੈਣ ਲਈ ਅੰਗ੍ਰੇਜ਼ੀ ਦਾ ਹੀ ਮੁੱਲ ਪੈਂਦਾ ਹੈ। ਅੰਗ੍ਰੇਜ਼ੀ ਨਾਲ ਹੋਰ ਵੀ ਕਈ ਰਾਹ ਖੁਲ੍ਹਣੇ ਹਨ। ਮਾਂ ਬੋਲੀਆਂ ਦਾ ਮਹੱਤਵ ਘੱਟਦਾ ਜਾ ਰਿਹਾ ਹੈ ਅਤੇ ਲੋਕਾਂ ਨੇ ਇਸ ਸਥਿਤੀ ਨੂੰ ਪਰਵਾਨ ਕਰ ਲਿਆ ਹੈ।

ਅੰਗ੍ਰੇਜ਼ੀ ਹੁਣ ਉਹਨਾਂ ਘਰਾਂ ਵਿਚ ਵੀ ਘੁਸਦੀ ਜਾ ਰਹੀ ਹੈ ਜਿੱਥੇ ਕਦੀ ਮਾਂ-ਬੋਲੀ ਪ੍ਰਧਾਨ ਹੁੰਦੀ ਸੀ। ਮਾਂ-ਬਾਪ ਵੀ ਹੁਣ ਬੱਚਿਆਂ ਨਾਲ ਅੰਗ੍ਰੇਜ਼ੀ ਵਿੱਚ ਗੱਲ ਕਰਦੇ ਹਨ, ਕਿਉਂਕਿ ਉਹਨਾਂ ਨੂੰ ਇਹੀ ਬੋਲੀ ਮਹੱਤਵ-ਪੂਰਨ ਲੱਗਦੀ ਹੈ। ਨਤੀਜੇ ਵੱਜੋਂ ਮਾਤ-ਭਾਸ਼ਾ ਦਾ ਸਥਾਨ ਹੁਣ ਕਾਫ਼ੀ ਹੱਦ ਤੱਕ ਸੁੰਗੜ ਗਿਆ ਹੈ। ਮੈਂਨੂੰ ਪੈਸਾ ਕਮਾਓਣ ਦੀ ਉਨ੍ਹੀਂ ਚਿੰਤਾ ਨਹੀਂ, ਜਿੰਨੀ ਇਸ ਗੱਲ ਦੀ ਹੈ ਕਿ ਜੇ ਬੋਲੀ ਤੇ ਸਭਿਆਚਾਰ ਨਾ ਰਿਹਾ ਤਾਂ ਸਾਡੇ ਪੱਲੇ ਰਹਿ ਕੀ ਜਾਵੇਗਾ ? ਸਾਡੇ ਸੱਭਿਆਚਾਰ ਨੂੰ ਮਾਤ-ਭਾਸ਼ਾ ਹੀ ਬਣਾਉਂਦੀ ਤੇ ਕਾਇਮ ਰੱਖਦੀ ਹੈ, ਅੰਗ੍ਰੇਜ਼ੀ ਨਹੀਂ। ਇਕ ਵਾਰੀ ਜੇ ਮਾਂ-ਬੋਲੀ ਕੁਮਲਾਅ ਗਈ ਤਾਂ ਬੋਲੀ ਸਹਾਰੇ ਉਸਰਿਆ ਸੱਭਿਆਚਾਰ ਆਪਣੇ ਆਪ ਅਲੋਪ ਹੋ ਜਾਵੇਗੀ। ਸਾਡੇ ਬੱਚੇ ਤਾਂ ਪਹਿਲਾਂ ਹੀ ਸੁਦੇਸ਼ੀ ਸੱਭਿਆਚਾਰ ਦੀ ਨਿਸਬਤ ਪੱਛਮੀਂ ਸੋਚ ਅਤੇ ਰਹਿਣ ਸਹਿਣ ਵਲ ਝੁਕਦੇ ਜਾ ਰਹੇ ਹਨ। ਅਸਲ ਵਿਚ "ਫੌਰਨ" ਬਨਣਾ ਇਕ ਫੈਸ਼ਨ ਬਣ ਗਿਆ ਹੈ। ਭਾਰਤ ਦੇ ਹਰ ਸੂਬੇ ਦੇ ਸਭਿਆਚਾਰ ਅਤੇ ਪ੍ਰੰਪਰਾਵਾਂ ਉੱਤੇ ਹਮਲੇ ਹੋ ਰਹੇ ਹਨ, ਪਰ ਪੰਜਾਬ ਉੱਤੇ ਇਹ ਹਮਲਾ ਕੁਝ ਜਿਆਦਾ ਹੀ ਤੇਜ਼ ਹੈ, ਕਿਉਂਕਿ ਇਥੇ ਲੋਕਾਂ ਦੇ ਆਰਥਿਕ ਹਾਲਾਤ ਚੰਗੇ ਹਨ ਅਤੇ ਲੋਕਾਂ ਦੇ ਸਿਰ ਉੱਤੇ ਬਾਹਰ ਜਾਣ ਦਾ ਖ਼ਬਤ ਏਨਾ ਸਵਾਰ ਹੈ ਕਿ ਉਹ ਆਪਣੀ ਬੋਲੀ ਪੰਜਾਬੀ ਨੂੰ ਘਟੀਆ ਸਮਝਦੇ ਹਨ। ਯੂਰਪੀਅਨ ਢੰਗ ਦੇ ਕਪੜੇ ਪਾਉਣ ਵਿਚ ਸ਼ਾਨ ਸਮਝੀ ਜਾਂਦੀ ਹੈ। ਅਸਲ ਵਿਚ ਸਾਰੇ ਤੋਰ ਤਰੀਕੇ ਪੱਛਮ ਵਾਲੇ ਹੁੰਦੇ ਜਾ ਰਹੇ ਹਨ। ਇਸ ਅਸਰ ਤੋਂ ਪੰਜਾਬ ਦੇ ਪਿੰਡ ਵੀ ਨਹੀਂ ਬਚੇ। ਪੰਜਾਬ ਵਿਚ ਅੰਗ੍ਰੇਜ਼ੀ ਪ੍ਰਧਾਨ ਹੁੰਦੀ ਜਾ ਰਹੀ ਹੈ, ਭਾਵੇਂ ਕਿਸੇ ਨੂੰ ਚੰਗੀ ਤਰ੍ਹਾਂ ਬੋਲਣੀ ਅਤੇ ਲਿਖਤੀ ਆਉਂਦੀ ਹੋਵੇ ਜਾਂ ਨਾਂ।

ਦੋ ਤਿੰਨ ਦਹਾਕੇ ਬੀਤਣ ਪਿੱਛੋਂ ਘਰ ਵਿਚ ਕੋਈ ਪੰਜਾਬੀ ਨਹੀਂ ਬੋਲੇਗਾ। ਜਦੋਂ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਘਟ ਜਾਵੇਗੀ ਤਾਂ ਸਾਡੇ ਪੰਜਾਬੀ ਸੱਭਿਆਚਾਰ ਦਾ ਕੀ ਹਾਲ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਜਾਪਦਾ ਹੈ ਕਿ ਪੰਜਾਬੀ ਇਤਿਹਾਸ ਦੇ ਚੱਕਰ ਦਾ ਸ਼ਿਕਾਰ ਹੋ ਗਏ ਹਨ। ਭਾਰਤ ਦੀ ਵੰਡ ਨੇ ਪੰਜਾਬੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਇਕ ਹਿੱਸਾ ਭਾਰਤ ਵਿੱਚ ਹੈ ਅਤੇ ਦੂਜਾ ਪਾਕਿਸਤਾਨ ਵਿੱਚ ਹੈ।

ਪਾਕਿਸਤਾਨ ਦੀ ਸਰਕਾਰ ਨੇ ਉਰਦੂ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ ਹੈ। ਉੱਥੇ ਪੰਜਾਬੀ ਦੀ ਕੋਈ ਸਰਕਾਰੀ ਹੈਸੀਅਤ ਨਹੀਂ। ਭਾਰਤੀ ਪੰਜਾਬ ਵਿਚ ਪੰਜਾਬੀ ਹੀ ਪੜ੍ਹਾਈ ਲਾਜ਼ਮੀਂ ਹੈ,ਪਰ ਹਿੰਦੂਆਂ ਸਿੱਖਾਂ ਦੇ ਮਤ-ਭੇਦਾਂ ਨੇ ਮਾਂ-ਬੋਲੀ ਦਾ ਬਹੁਤ ਨੁਕਸਾਨ ਕੀਤਾ ਹੈ। ਮਰਦਮ-ਸ਼ੁਮਾਰੀ ਸਮੇਂ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਂਦੇ ਹਨ, ਜਦ ਕਿ ਘਰਾਂ ਵਿਚ ਉਹ ਪੰਜਾਬੀ ਬੋਲਦੇ ਹਨ। ਇਸ ਮਾਮਲੇ ਨੂੰ ਵਿਗਾੜਣ ਵਿਚ ਰਾਜਨੀਤੀ ਦਾ ਵੀ ਰੋਲ ਹੈ।ਜਦੋਂ ਭਾਰਤ ਬੋਲੀ ਦੇ ਅਧਾਰ ਤੇ ਸੂਬੇ ਬਣਾਏ ਜਾ ਰਹੇ ਸਨ ਤਾਂ ਪੰਜਾਬੀ ਸੂਬੇ ਦੀ ਮੰਗ ਵੀ ਜਾਇਜ਼ ਸੀ, ਪਰ ਉਨ੍ਹਾਂ ਇਲਾਕਿਆਂ ਨੂੰ ਬਿਗਾਨੇ

ਸਮਝਿਆ ਗਿਆ ਜਿੱਥੇ ਲੋਕ ਪੰਜਾਬੀ ਤਾਂ ਬੋਲਦੇ ਸਨ ਪਰ ਉਥੇ ਸਿੱਖ ਦੀ ਆਬਾਦੀ ਘੱਟ ਸੀ। ਉਸ ਵੇਲੇ ਦੀ ਅਕਾਲੀ ਰਾਜਨੀਤੀ ਦਾ ਨਿਸ਼ਾਨਾ ਇਹ ਸੀ ਕਿ ਪੰਜਾਬ ਦੀ ਹੱਦਬੰਦੀ ਇਸ ਤਰ੍ਹਾਂ ਕੀਤੀ ਜਾਵੇ ਕਿ ਇਸ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ। ਇਸ ਰਾਜਨੀਤੀ ਨੇ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਤੋਂ ਵੱਖ ਕਰ ਦਿੱਤਾ। ਹਿਮਾਚਲ ਪ੍ਰਦੇਸ਼ ਇਕ ਵੇਲੇ ਪੰਜਾਬ ਦਾ ਅਟੁੱਟ ਹਿੱਸਾ ਹੁੰਦਾ ਸੀ ਅਤੇ ਉੱਥੇ ਪੰਜਾਬੀ ਬੋਲੀ ਜਾਂਦੀ ਸੀ। ਹੁਣ ਉਹ ਇਕ ਅਲੱਗ ਸੂਬਾ ਬਣ ਗਿਆ ਹੈ। ਇਸ ਵਖਰੇਵੇਂ ਨੇ ਪੰਜਾਬੀ ਬੋਲੀ ਉੱਤੇ ਇਕ ਹੋਰ ਸੱਟ ਮਾਰ ਦਿੱਤੀ।

ਮੈਂ ਅਜੀਤ ਅਖ਼ਬਾਰ ਦੇ ਸ੍ਰ. ਸਾਧੂ ਸਿੰਘ ਹਮਦਰਦ ਨੂੰ ਨਾਲ ਲੈ ਕੇ, ਹਰਿਆਣੇ ਨੂੰ ਪੰਜਾਬ ਨਾਲੋਂ ਵੱਖ ਨਾ ਹੋਣ ਦੇਣ ਦੀ ਆਖਰੀ ਕੋਸ਼ਿਸ਼ ਕੀਤੀ। ਉਸ ਵੇਲੇ ਭਗਵਤ ਦਿਆਲ ਸ਼ਰਮਾ ਹਰਿਆਣੇ ਦੇ ਲੀਡਰ ਸਨ। ਅਸੀਂ ਉਸ ਨੂੰ ਪੰਜਾਬ ਵਾਲੇ ਰਹਿਣ ਲਈ ਕਾਇਲ ਨਾ ਕਰ ਸਕੇ। ਪਰ ਉਨ੍ਹਾਂ ਕਿਹਾ ਕਿਜੇ ਕਾਂਗਰਸ ਹਾਈ ਕਮਾਂਡ ਕੋਈ ਤਜਵੀਜ ਐਲਾਨ ਕਰੇਗੀ ਤਾਂ ਉਹ ਉਸ ਦੀ ਮੁਖ਼ਾਲਫ਼ਤ ਨਹੀਂ ਕਰਨਗੇ।

ਮੈਂ ਸਰਬ ਹਿੰਦ ਕਾਂਗਰਸ ਦੇ ਪ੍ਰਧਾਨ ਕੇ. ਕਾਮਰਾਜ ਪਾਸ ਗਿਆ। ਉਨ੍ਹਾਂ ਮੇਰੀ ਤਜਵੀਜ਼ ਇਸ ਸ਼ਰਤ ਤੇ ਪਰਵਾਨ ਕਰ ਲਈ ਕਿ ਮੈਂ ਸੰਤ ਫ਼ਤਹਿ ਸਿੰਘ ਜੀ ਦੀ ਸਹਿਮਤੀ ਲੈ ਲਵਾਂਗਾ। ਸੰਤ ਜੀ ਉਦੋਂ ਅਕਾਲੀ ਦਲ ਦੇ ਕਰਤਾ-ਧਰਤਾ ਸਨ। ਮੇਰੀ ਤਜਵੀਜ਼ ਸੀ ਕਿ ਪੰਜਾਬ ਨੂੰ ਇੱਕ-ਮੁੱਠ ਰਖਿਆ ਜਾਵੇ, ਕਿਉਂਕਿ ਸੋਨੀਪਤ ਤੱਕ ਲੋਕ ਪੰਜਾਬੀ ਬੋਲਦੇ ਸਨ। ਇਸ ਇੱਕ-ਮੁੱਠ ਪੰਜਾਬ ਵਿੱਚ ਪੰਜਾਬੀ, ਗੁਰਮੁਖੀ ਲਿਪੀ ਵਿਚ ਰਾਜ ਭਾਸ਼ਾ ਹੋਵੇਗੀ। ਦਿੱਲੀ ਦਾ ਪਸਾਰ ਏਨਾਂ ਵੱਧ ਜਾਣਾ ਸੀ ਕਿ ਗੁੜਗਾਓਂ ਅਤੇ ਕੁਝ ਹੋਰ ਇਲਾਕਾ ਦਿਲੀ ਵਿਚ ਹੀ ਆ ਜਾਣਾ ਸੀ।

ਮੈਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੰਤ ਫ਼ਤਹਿ ਸਿੰਘ ਨੂੰ ਮਿਲਿਆ। ਸ੍ਰ. ਸਾਧੂ ਸਿੰਘ ਹਮਦਰਦ ਵੀ ਮੇਰੇ ਨਾਲ ਅੰਮ੍ਰਿਤਸਰ ਗਏ ਸਨ, ਪਰ ਉਹ ਸੰਤ ਫਤਹਿ ਸਿੰਘ ਕੋਲ ਜਾਣ ਲਈ ਰਜ਼ਾਮੰਦ ਨਾ ਹੋਏ। ਜਦੋਂ ਮੈਂ ਸੰਤ ਜੀ ਨੂੰ ਆਪਣੀ ਤਜਵੀਜ਼ ਦੱਸੀ ਤਾਂ ਉਨ੍ਹਾਂ ਨੇ ਪੈਂਦੀ ਸੱਟੇ ਹੀ ਇਹ ਰੱਦ ਕਰ ਦਿੱਤੀ। ਉਨ੍ਹਾਂ ਦੀ ਦਲੀਲ ਸੀ ਕਿ ਪੰਜਾਬੀ ਸੂਬੇ ਵਿਚ ਉਹੀ ਰਹਿਣਗੇ, ਜਿਹੜੇ ਸੂਬੇ ਦੀ ਫਿਲਾਸਫ਼ੀ ਵਿਚ ਵਿਸ਼ਵਾਸ ਰੱਖਦੇ ਹੋਣਗੇ। ਜਦੋਂ ਮੈਂ ਪੁੱਛਿਆ ਕਿ ਇਸ ਦਾ ਮਤਲਬ ਸਿੱਖਾਂ ਤੋਂ ਹੈ ਤਾਂ ਸੰਤ ਜੀ ਕੋਈ ਜਵਾਬ ਨਾ ਦਿੱਤਾ। ਹਰਿਆਣਾ ਹੋਂਦ ਵਿੱਚ ਆ ਗਿਆ ਅਤੇ ਪੰਜਾਬ ਤੇਰਾਂ ਜ਼ਿਲ੍ਹਿਆਂ ਵਿਚ ਸੁੰਗੜ ਕੇ ਰਹਿ ਗਿਆ।ਪਿੱਛੇ ਝਾਤੀ ਮਾਰੀਏ ਤਾਂ ਗੁਰਮੁਖੀ ਲਿੱਪੀ ਲਈ ਕੀਤਾ ਗਿਆ ਅੰਦੋਲਨ ਵੀ ਬਹੁਤਾ ਸਹੀ ਨਹੀਂ ਸੀ। ਇਹ ਸੱਚਾਈ ਹੈ ਕਿ ਦਹਾਕਿਆਂ ਤੱਕ ਗੁਰਮੁਖੀ ਪੰਜਾਬੀ ਦੀ ਲਿੱਪੀ ਰਹੀ ਹੈ। ਹਿੰਦੂ ਕਹਿੰਦੇ ਹਨ ਕਿ ਅਸੀਂ ਪੰਜਾਬੀ ਬੋਲੀ ਨੂੰ ਪ੍ਰਵਾਨ ਕਰ ਲੈਂਦੇ ਹਾਂ ਪਰ ਸਾਨੂੰ ਪੰਜਾਬੀ ਦੇਵਨਾਗਰੀ ਲਿੱਪੀ ਵਿਚ ਲਿਖਣ ਦੀ ਖੁਲ੍ਹ ਰਹਿਣ ਦਿਓ। ਪਰ ਅਕਾਲੀ ਲਿੱਪੀ ਦੇ ਮਾਮਲੇ ਵਿੱਚ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ ਸਨ। ਹੁਣ ਜਦ ਕਿ ਪੰਜਾਬੀ ਭਾਸ਼ਈ ਲੋਕਾਂ ਦੀ ਗਿਣਤੀ ਘੱਟ ਗਈ ਹੈ।ਤਾਂ ਸਥਿਤੀ ਬਦਲ ਗਈ ਹੈ। ਜੇਕਰ ਬੋਲੀ ਅਤੇ ਲਿਪੀ ਵਿੱਚੋਂ ਚੋਣ ਕਰਨੀ ਹੋਵੇ ਤਾਂ ਬੋਲੀ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ। ਪਾਕਿਸਤਾਨ ਦੇ ਪੰਜਾਬੀ ਸ਼ਾਹਮੁਖੀ ਲਿੱਪੀ ਦੀ ਵਰਤੋਂ ਕਰਦੇ ਹਨ। ਇਸ ਲਈ ਗੁਰਮੁਖੀ ਲਿੱਪੀ ਦਾ ਖੇਤਰ ਹੋਰ ਘੱਟ ਗਿਆ ਹੈ। ਇਸ ਵੇਲੇ ਸਾਰੀ ਦੁਨੀਆਂ ਦੇ ਪੰਜਾਬੀਆਂ ਦੇ ਸਾਹਮਣੇ ਇਹ ਸੰਕਟ ਹੈ ਕਿ ਪੰਜਾਬੀ ਬੋਲੀ ਨੂੰ ਕਿਵੇਂ ਬਚਾਇਆ ਜਾਵੇ? ਜੇਕਰ ਕੋਈ ਵਿਅਕਤੀ ਪੰਜਾਬੀ ਬੋਲੀ ਵਿੱਚ ਲਿਖਦਾ ਹੈ ਤਾਂ ਇਹ ਕੋਈ ਮਸਲਾ ਨਹੀਂ ਕਿ ਉਹ ਕਿਹੜੀ ਲਿੱਪੀ ਵਿੱਚ ਲਿਖਦਾ ਹੈ। ਇਸ ਮਕਸਦ ਲਈ ਉਪਰਾਲੇ ਕਰਨੇ ਚਾਹੀਦੇ ਹਨ ਕਿ ਲੋਕ ਘਰਾਂ ਵਿੱਚ ਪੰਜਾਬੀ ਬੋਲਣ। ਇਸ ਵੇਲੇ ਜਿਸ ਢੰਗ ਨਾਲ ਲੋਕ ਆਪਣੀ ਬੋਲੀ ਤੋਂ ਦੂਰ ਜਾ ਰਹੇ ਹਨ, ਇਹ ਪੰਜਾਬੀ ਦੇ ਭਵਿੱਖ ਦੀ ਮਾੜੀ ਨਿਸ਼ਾਨੀ ਹੈ। ਬਹੁ-ਮੰਜਲੀਆਂ ਇਮਾਰਤਾਂ, ਵੱਡੇ ਵੱਡੇ ਡੈਮ, ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਅਤੇ ਲੰਮੇ ਚੌੜੇ ਖੇਤ ਕਿਸੇ ਅਰਥ ਨਹੀਂ, ਜੇ ਅਸੀਂ ਆਪਣੀ ਬੋਲੀ ਅਤੇ ਵਿਰਸਾ ਗੁਆ ਬਹਿੰਦੇ ਹਾਂ।

(**'ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ'** ਪੁਸਤਕ ਵਿੱਚੋਂ ਧੰਨਵਾਦ ਸਹਿਤ)

**.......ਬਾਕੀ ਸਫ਼ਾ 25 ਦੀ (ਮਾਂ-ਬੋਲੀ ਵਿੱਚ)**

ਅੰਗ੍ਰੇਜ਼ੀ ਇਸ ਵੇਲੇ ਇੱਕ ਵਿਸ਼ਵ-ਵਿਆਪੀ ਭਾਸ਼ਾ ਹੈ ਤੇ ਸਾਡੇ ਬੱਚਿਆਂ ਨੂੰ ਅੰਗ੍ਰੇਜ਼ੀਸਿੱਖਣ ਉੱਤੇ ਬੰਦਿਸ਼ ਨਹੀਂ ਲੱਗੀ ਹੋਈ ਤੇ ਨਾ ਹੀ ਲਾਉਣੀ ਚਾਹੀਦੀ ਹੈ। ਮੇਰਾ ਕਹਿਣਾ ਸਿਰਫ਼ ਇਹ ਹੈ ਕਿ ਅੰਗਰੇਜ਼ੀ ਬੱਚਿਆਂ ਦੇ ਪਹਿਲੇ ਤਿੰਨ ਸਾਲਾਂ ਉੱਤੇ ਹਾਵੀ ਨਹੀਂ ਹੋਣੀ ਚਾਹੀਦੀ। ਜਿਵੇਂ ਮੈਂ ਅਗੇ ਦੱਸਿਆ ਹੈ, ਮੇਰਾ ਵਿਸ਼ਵਾਸ਼ ਹੈ ਅਤੇ ਮਨੋਵਿਗਿਆਨ ਵੀ ਇਹ ਕਹਿੰਦਾ ਹੈ ਕਿ ਜੇ ਮਾਂ ਬੋਲੀ ਵਿੱਚ ਬੱਚਾ ਠੀਕ ਤਰ੍ਹਾਂ ਤੁਰਿਆ ਹੋਵੇ ਤਾਂ ਅੰਗ੍ਰੇਜ਼ੀ ਭਾਸ਼ਾ ਜਾਂ ਕਿਸੇ ਹੋਰ ਵੀ ਵਿਦੇਸ਼ੀ ਭਾਸ਼ਾਂ ਨੂੰ ਛੇਤੀ ਅਤੇ ਚੰਗੀ ਤਰ੍ਹਾਂ ਸਿੱਖ ਸਕਦਾ ਹੈ। ਮੈਂ ਕਦੇ ਵੀ ਨਹੀਂ ਕਿਹਾ ਕਿ ਬੱਚੇ ਨੂੰ ਅੰਗ੍ਰੇਜ਼ੀ ਨਾ ਪੜ੍ਹਾਓ। ਪਰ ਮੈਂ ਨਿੱਤ ਕਹਿੰਦੀ ਹਾਂ ਕਿ ਬੱਚੇ ਨੂੰ ਨਰਸਰੀ ਤੋਂ ਹੀ ਆਪਣੀ ਮਾਂ ਬੋਲੀ ਤੋਂ ਦੂਰ ਨਾ ਕਰੋ ਤੇ ਹੋਰ ਬੋਲੀ ਦਾ ਉਸ ਦੇ ਦਿਮਾਗ਼ ਤੇ ਘੱਟੋ ਘੱਟ ਪਹਿਲੇ ਤਿੰਨ ਸਾਲ ਤਾਂ ਬੋਝ ਨਾ ਪਾਓ। ਜੋ ਕੁਝ ਮੈਂ ਬੱਚਿਆਂ ਉੱਤੇ ਬੋਲੀ ਦੇ ਅਸਰ ਦੇ ਸਬੰਧ ਵਿਚ ਦੱਸਿਆ ਹੈ, ਉਹ ਸਿਰਫ਼ ਪੰਜਾਬੀ ਜ਼ੁਬਾਨ ਉੱਤੇ ਹੀ ਲਾਗੂ ਨਹੀਂ ਹੁੰਦਾ, ਬਲਕਿ ਹਰ ਦੇਸ਼ ਦੇ ਇਲਾਕੇ ਦੀ ਮਾਂ ਬੋਲੀ ਉੱਤੇ ਵੀ ਲਾਗੂ ਹੁੰਦਾ ਹੈ। ਜੇ ਅੰਗਰੇਜ਼ੀ ਵਿਸ਼ਵ-ਵਿਆਪੀ ਭਾਸ਼ਾ ਹੈ ਤਾਂ ਚੀਨ, ਅਰਬ, ਜਰਮਨੀ ਜਾਂ ਫ਼ਰਾਂਸ ਵਾਲੇ ਆਪਣੀ ਮਾਂ-ਬੋਲੀ ਛੱਡ ਕੇ ਬੱਚਿਆਂ ਨੂੰ ਅੰਗਰੇਜ਼ੀ ਜ਼ੁਬਾਨ ਨਰਸਰੀ ਤੋਂ ਕਿਓਂ ਨਹੀਂ ਪੜ੍ਹਾਉਣ ਲੱਗ ਪਏ ? ਆਪਣੀ ਮਾਂ-ਬੋਲੀ ਨੂੰ ਛੱਡ ਕੇ ਅੰਗਰੇਜ਼ੀ ਨੂੰ ਉਹ ਦੇਸ਼ ਤਰਜੀਹ ਦੇ ਰਹੇ ਹਨ ਜੋ ਆਪਣੀ ਭਾਸ਼ਾ ਅਤੇ ਸੱਭਿਆਚਾਰ ਦੀ ਮੌਤ ਦੇ ਇੱਛੁਕ ਹਨ।

(**'ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ'** ਪੁਸਤਕ ਵਿੱਚੋਂ ਧੰਨਵਾਦ ਸਹਿਤ)

# ਮਲੇਰ ਕੋਟਲੇ ਦੇ ਨਾਮਧਾਰੀ ਸ਼ਹੀਦ

-ਸਿਰਦਾਰ ਕਪੂਰ ਸਿੰਘ

'ਦਾ ਸਿੱਖ ਰਿਵਿਊ ਅਤੇ ਕੁਝ ਹੋਰ ਥਾਵਾਂ ਤੇ ਕੁਝ ਪਤਵੰਤੇ ਸਿੱਖਾਂ ਵੱਲੋਂ ਸਾਡੇ ਭਰਾ, ਨਾਮਧਾਰੀ ਸਿੱਖਾਂ ਤੇ ਲਾਂਛਣ ਲਾਏ ਜਾਣ ਬਾਰੇ ਪੜ੍ਹ ਕੇ, ਮੈਨੂੰ ਘੋਰ ਦੁੱਖ ਅਤੇ ਨਿਰਾਸ਼ਾ ਹੋਈ ਹੈ। ਇਹ ਬਹਾਦਰ ਨਾਮਧਾਰੀ ਸਿੱਖ ਉਹ ਸਨ ਜਿਨ੍ਹਾਂ ਨੇ ਕੁਝ ਗੁਸਤਾਖ ਗਊ ਹਤਿਆਰਿਆਂ ਨੂੰ ਉਹਨਾਂ ਦੇ ਕੀਤੇ ਦੀ ਠੀਕ ਹੀ ਸਜ਼ਾ ਦਿਤੀ ਸੀ ਅਤੇ ਜਿਹਨਾਂ ਨੂੰ ਕੁਝ ਸਿਰ-ਸੜੇ ਅੰਗਰੇਜ਼ ਅਫਸਰਾਂ ਨੇ ਤੋਪਾਂ ਨਾਲ ਉਡਾ ਦਿਤਾ ਸੀ।

ਜਿਹਾ ਕਿ ਮੈਂ ਸੌਖਿਆਂ ਹੀ ਕਬੂਲ ਕਰਦਾ ਹਾਂ ਕਿ ਮੈਂ ਕੋਈ ਕੂਕਾ ਨਹੀਂ, ਨਾਂ ਹੀ ਕਿਸੇ ਹੋਰ ਤਰ੍ਹਾਂ ਕੂਕਿਆਂ ਦੇ ਪ੍ਰਭਾਵ ਹੇਠਾਂ ਹਾਂ ਪ੍ਰੰਤੂ ਮੈਨੂੰ ਮਾਣ ਹੈ ਅਤੇ ਮੈਂ ਦਾਅਵਾ ਵੀ ਕਰਦਾ ਹਾਂ ਕਿ ਮੈਂ ਪੰਥ ਦਾ ਇਕ ਨਿਮਾਣਾ ਸੇਵਕ ਹਾਂ ਬੇਸ਼ਕ ਉਹੋ ਜਿਹਾ ਨਹੀਂ ਜਿਹੋ ਜਿਹੇ , ਮੇਰੇ ਮਿੱਤਰ ਡਾ. ਗੰਡਾ ਸਿੰਘ ਅਤੇ ਲੈਫਟੀਨੈਂਟ ਕਰਨਲ ਗੁਰਚਰਨ ਸਿੰਘ ਹਨ, ਜਿਹਨਾਂ ਦੋਹਾਂ ਨੇ ਉਪਰੋਕਤ ਬੁੱਚੜਾਂ ਨੂੰ “ਕਾਨੂੰਨ ਨੂੰ ਮੰਨਣ ਵਾਲੇ ਸ਼ਹਿਰੀ” ਅਤੇ ਮਲੇਰ ਕੋਟਲੇ ਦੇ ਬਹਾਦਰ ਨਾਮਧਾਰੀ ਸ਼ਹੀਦਾਂ ਨੂੰ “ਮੁਜ਼ਰਿਮ” ਗਰਦਾਨਿਆ ਹੈ।

ਇਹ ਤਰਸ ਵਾਲੀ ਗੱਲ ਹੈ ਕਿ ਇਹਨਾਂ ਦੋਹਾਂ ਸੱਜਣਾਂ, ਇਕ ਸਿੱਖ ਇਤਿਹਾਸਕਾਰੀ ਦਾ ਥੰਮ੍ਹ ਅਤੇ ਦੂਜਾ ਬਹਾਦਰ ਸਿੱਖ ਕਰਨੈਲ, ਨੇ (1) ਸਬੰਧਿਤ ਤੱਥਾਂ (2) ਵਿਚਾਰ ਅਧੀਨ ਮੁੱਦੇ ਅਤੇ (3) ਗੌਰਵਮਈ ਅਤੇ ਸ੍ਵੈ ਅਭਿਮਾਨੀ ਨਾਮਧਾਰੀ ਸਿੱਖਾਂ ਦੀ ਪਰਤੱਖ ਸ਼ਹਾਦਤ ਅਤੇ ਉਹਨਾਂ ਦੇ ਕਾਰਿਆਂ, ਜਿਹਨਾਂ ਤੇ ਸਾਰੇ ਪੰਥ ਨੂੰ ਠੀਕ ਹੀ ਮਾਣ ਹੈ, ਦੇ ਸੱਚੇ ਮਹੱਤਵ ਨੂੰ ਸਮਝਣ ਵਿਚ ਭਾਰੀ ਨਦਾਨੀ ਵਰਤੀ ਹੈ।

ਇਹ ਬਿਲਕੁਲ ਗਲਤ ਹੈ ਕਿ ਇਹਨਾਂ ਨਾਮਧਾਰੀ ਸਿੱਖਾਂ ਨੇ, ਬਿਨਾਂ ਕਿਸੇ ਮਤਲਬ ਦੇ ਅਤੇ ਬਗ਼ੈਰ ਉਚਿਤ ਉਕਸਾਵੇ ਦੇ, ਉਪਰੋਕਤ ਬੁੱਚੜਾਂ ਨੂੰ ਕਤਲ ਕੀਤਾ। ਇਸ ਤੋਂ ਪਹਿਲਾਂ ਇਹਨਾਂ ਬੁੱਚੜਾਂ ਨੇ ਉਹਨਾਂ ਸਿਖਾਂ ਨੂੰ ਇਸ ਵਾਸਤੇ ਤਾਹਨੇ ਮਿਹਣੇ ਦਿਤੇ ਸਨ ਕਿਉਂ ਜੁ ਉਹ ਸਿੱਖ, ਥੱਕੇ ਟੁਟੇ ਬੈਲ ਨੂੰ ਸਰੇ ਰਾਹ ਬੇਰਹਿਮੀ ਨਾਲ ਕਤਲ ਕਰਨ ਤੇ ਮਨੁੱਖਤਾ ਦੀਆਂ ਭਲੀਆਂ ਰਵਾਇਤਾਂ ਅਨੁਸਾਰ, ਬੁੱਚੜਾਂ ਦੇ ਇਸ ਕਾਰੇ ਦਾ ਵਿਰੋਧ ਕਰ ਰਹੇ ਸਨ। ਉਹ ਬੁੱਚੜ ਦਰਅਸਲ ਹੁਣ ਦਸਣਾ ਚਾਹੁੰਦੇ ਸਨ ਕਿ ਆਪਣੀ ਧਰਤੀ ਤੇ ਹੀ ਹੁਣ ਸਿੱਖ ਜਨਤਾ ਪ੍ਰਭੂ ਸੱਤਾ ਖੁਹਾ ਚੁੱਕੀ ਹੈ। ਇਹਨਾਂ ਬਦਬਖ਼ਤ ਬੁੱਚੜਾਂ ਦੀ ਧਿਕਾਰਯੋਗ ਕਾਰਵਾਈ ਦਾ ਸਹੀ ਜੁਆਬ, ਨਾਮਧਾਰੀ ਆਪਣਾ ਇਹ ਦਾਅਵਾ ਪੇਸ਼ ਕਰਕੇ ਹੀ ਦੇ ਸਕਦੇ ਸਨ “ਜਿਹੜਾ ਉਹਨਾਂ ਵਿਚੋਂ ਇੱਕ ਨੇ ਅੰਗਰੇਜ਼ਾਂ ਦੀਆ ਤੋਪਾਂ ਨਾਲ ਉਡਾਏ ਜਾਣ ਤੋਂ ਪਹਿਲਾ ਖੁੱਲ੍ਹੇ ਆਮ ਦੁਹਰਾਇਆ ਕਿ ਅਸੀਂ ਹੀ ਇਸ ਦੇਸ਼ ਦੇ ਹਕੀਕੀ ਮਾਲਕ ਹਾਂ ਅਤੇ ਫਰੰਗੀ ਲੁਟੇਰਿਆਂ ਦੀ ਬਜਾਇ ਇੱਥੇ ਸਾਡੇ ਕਾਨੂੰਨ ਚੱਲਣੇ ਚਾਹੀਦੇ ਹਨ”- “ਰਾਜ ਸਾਡਾ ਤੇ ਕੁਰਸੀ ਸਾਡੀ”। ਕੰਬਖਤ ਅਤੇ ਬੜਬੋਲੇ ਬੁੱਚੜਾਂ ਦੇ ਕਤਲ ਇਸ ਲਈ ਜਰੂਰੀ ਹੋ ਗਏ ਸਨ ਕਿਉਂਕਿ ਇਹਨਾਂ ਬਹਾਦੁਰ ਅਤੇ ਪ੍ਰਭਾਵਿਤ ਨਾਮਧਾਰੀਆਂ ਨੇ, ਜੋ ਗੁਰੂ ਗੋਬਿੰਦ ਸਿੰਘ ਦੇ ਸੱਚੇ ਸਿੱਖ ਸਨ, ਇਸ ਹਾਲਾਤ ਵਿਚ ਉਹ ਕੁਝ ਹੀ ਕੀਤਾ ਜੋ ਚਾਹੀਦਾ ਸੀ ਅਤੇ ਜਿਸ ਲਈ ਸਿੱਖ ਪ੍ਰਭੂ ਸੱਤਾ ਨੂੰ ਹੜੱਪਣ ਵਾਲਿਆਂ ਵਲੋਂ ਮੰਗੀ ਕੀਮਤ ਉਹਨਾਂ ਬੇਝਿਜਕ ਹੋਕੇ ਅਦਾ ਕੀਤੀ।

ਭਾਰਤੀ ਇਤਿਹਾਸ ਦੇ ਵਿਦਿਅਰਥੀ ਇਸ ਗੱਲ ਤੋਂ ਜਾਣੂ ਹਨ ਕਿ ਸਦੀਆ ਤੱਕ ਫੈਲਿਆ ਹਿੰਦੁਸਤਾਨ ਤੇ ਮੁਸਲਮਾਨਾਂ ਦਾ ਕਬਜ਼ਾ, ਬਿਨਾਂ ਮਨਜ਼ੂਰੀ ਤੋਂ ਸ਼ਰ੍ਹੇਆਮ ਗਊ ਬੱਧ ਕਾਰਨ ਜਾਣਿਆ ਜਾਂਦਾ ਸੀ ਜੋ ਕਿ ਗੈਰ ਮੁਸਲਮਾਨਾਂ ਨੂੰ ਮੁਸਲਿਮ ਭਾਰਤ ਦੇ ਤੀਜੇ ਦਰਜੇ ਦੇ ਨਾਗਰਿਕ ਹੋਣ ਦੇ ਨਾਲ ਨਾਲ ਇਹ ਵੀ ਅਹਿਸਾਸ ਕਰਾਉਂਦਾ ਸੀ ਕਿ ਉਹ ਲੋਕ, ਉਹਨਾਂ ਦੀ ਜਾਇਦਾਦ, ਧਰਮ,ਇੱਜਤ ਅਤੇ ਮਨੁੱਖੀ ਸ਼ਾਨ ਸਭ ਜਬਤ ਹੋ ਚੁਕੇ ਹਨ। ਭਾਰਤੀ ਗੈਰ-ਮੁਸਲਿਮਾਂ, ਹਿੰਦੂਆਂ ਅਤੇ ਸਿੱਖਾਂ ਤੇ ਚੌਧਰ ਦਾ ਰੂਹਾਨੀ ਪ੍ਰਤੀਨਿਧ, ਸ਼ੇਖ ਸਰਹਿੰਦੀ ਮੁਜੱਦਦ ਨੇ 'ਮਕਤੂਬਾਤ' ਵਿਚ ਸਾਫ ਤੌਰ ਤੇ ਕਿਹਾ ਹੈ- “ਹਿੰਦ ਵਿੱਚ ਮੁਸਲਮਾਨਾਂ ਲਈ ਗਊ-ਬੱਧ ਸਭ ਤੋਂ ਜ਼ਰੂਰੀ ਕਾਰਜ਼ ਹੈ, “ਜ਼ਿਬਾ-ਇ-ਬਕਰ ਵਾਰ ਹਿੰਦੁਸਤਾਨ ਸ਼ਰਾ-ਇ-ਆਜ਼ਮ-ਇਸਲਾਮ ਅਸਤ”।ਇਸੇ ਇਤਿਹਾਸਿਕ ਪਰੰਪਰਾ ਕਾਰਨ ਜਦੋਂ ਅਤੇ ਜਿੱਥੇ ਵੀ ਠਿੱਠ ਕਰਨ ਵਾਲੀ ਮੁਸਲਿਮ ਚੌਧਰ ਤੋਂ ਹਿੰਦੂ ਜਾਂ ਸਿੱਖ ਛੁਟਕਾਰਾ ਪਾ ਕੇ, ਖ਼ੁਦ ਮੁਖ਼ਤਿਆਰ ਹੁੰਦੇ ਸਨ, ਉਥੇ ਜਨਤਕ ਨੀਤੀ ਤਹਿਤ ਗਊ ਬੱਧ ਤੇ ਰੋਕ ਲਾ ਦਿੱਤੀ ਜਾਂਦੀ ਸੀ। ਇਸੇ ਕਾਰਨ ਖ਼ਤਰਨਾਕ ਅੰਗਰੇਜਾਂ ਨੇ ਜਿੱਤੇ ਹੋਏ ਪੰਜਾਬ ਵਿਚ ਸ਼ਰ੍ਹੇ ਆਮ ਗਊ ਬੱਧ ਨੂੰ ਕਾਨੂੰਨੀ ਦਰਜਾ ਦੇ ਕੇ, ਆਮ ਕਰ ਦਿੱਤਾ। ਆਪਣੇ ਦੁਆਰਾ ਕਬਜ਼ਾਏ “ਸੁਵਰਨ ਮੰਦਰ”(ਅੰਮ੍ਰਿਤਸਰ) ਦੇ ਚੌਗਿਰਦੇ ਦੇ ਨਾਲ, ਬੇਲੋੜਾ ਅਤੇ ਸ਼ੈਤਾਨੀ ਕਾਰ ਜਨਤਕ ਬੁੱਚੜਖਾਨਾ ਖੋਹਲਣ ਦੇ ਰੂਪ ਵਿਚ ਕੀਤਾ।

ਪੰਥ ਨੂੰ ਇਸ ਗੱਲ ਤੇ ਮਾਣ ਹੋਣਾ ਚਾਹੀਦਾ ਹੈ ਕਿ ਉਸ ਕਾਲੇ ਦੌਰ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੇ ਰੂਪ ਵਿਚ, ਨਾਮਧਾਰੀ ਸਿੱਖ, ਅਸਲ ਮੁੱਦੇ ਪ੍ਰਤੀ ਸੰਵੇਦਨਸ਼ੀਲ ਅਤੇ ਜਾਗਰੂਕ ਸਨ ਅਤੇ ਉਹਨਾਂ ਨੇ ਉਹੀ ਕਾਰਵਾਈ ਕੀਤੀ ਜੋ ਗੌਰਵਮਈ, ਆਜ਼ਾਦ ਲੋਕਾਂ ਨੂੰ ਕਰਨੀ ਚਾਹੀਦੀ ਹੈ।

ਇਹ ਗ਼ਲਤ ਹੈ ਕਿ ਸਿਆਸੀ ਸਮਝ, ਇਕ ਆਜ਼ਾਦ ਆਦਮੀ ਦੇ ਚਰਿਤਰ ਅਤੇ ਬੁਨਿਆਦੀ ਹਕੂਕਾ ਨੂੰ, ਛੋਟੇ ਅਤੇ ਬੇਤੁਕੇ ਮੁੱਦਿਆਂ ਨਾਲ ਉਲਝਾਇਆ ਜਾਏ ਜਿਹਾ ਕਿ (ੳ) ਕੀ, ਸਿੱਖ ਧਰਮ ਵਿਚ ਗਊ ਪੂਜਾ ਸ਼ਾਮਿਲ ਹੈ (ਅ) ਕੀ, ਵਰਤਮਾਨ ਹਿੰਦੂ ਸਹੀ ਤੋਰ ਤੇ ਗਊ ਭਗਤੀ ਵਿਚ ਯਕੀਨ ਕਰਦਾ ਹੈ (ੲ) ਕੀ, ਗਊ ਪੂਜਾ ਹਿੰਦੂ ਰਹੁ-ਰੀਤ ਦਾ ਅਨਖਿੜਵਾਂ ਅੰਗ ਹੈ (ਸ) ਕੀ, ਮਲੇਰਕੋਟਲਾ ਦੇ ਬੁੱਚੜ ਜਾਂ ਹਰਿਮੰਦਰ ਸਾਹਿਬ ਦੀ ਸ਼ਾਨ ਨੂੰ ਅਪਵਿੱਤਰ ਕਰਨ ਵਾਲੇ ਕਾਨੂੰਨ ਦੇ ਮੁਤਾਬਿਕ ਹੀ ਕਰ ਰਹੇ ਸਨ, ਕਾਨੂੰਨ, ਜਿਹੜਾ ਸਿੱਖ ਪ੍ਰਭੂਸੱਤਾ ਨੂੰ ਹੜੱਪਣ ਵਾਲੇ, ਆਪ ਕੋਈ ਕਾਇਦਾ ਕਾਨੂੰਨ ਨਾਂ ਮੰਨਣ ਵਾਲੇ ਧੋਖੇਬਾਜ ਬਰਤਾਨਵੀਂ ਧਾੜਵੀਆਂ ਨੇ

ਬਣਾਏ ਸਨ। ਮੁੱਦਾ (ੳ) ਦਾ ਉੱਤਰ ਸਾਫ ਤੌਰ ਤੇ ਨਾਂਹ ਵਾਚਕ ਹੈ, ਮੁੱਦਾ (ਅ) ਵੀ ਨਾਂਹ ਵਾਚਕ ਹੈ, (ੲ) ਦਾ ਜੁਆਬ ਹਾਂ ਵਿਚ ਹੈ ਮੁੱਦਾ (ਸ) ਸ਼ੈਤਾਨੀ ਤੌਰ ਤੇ ਬਚਕਾਨਾ ਸੁਆਲ ਹੈ, ਜਿਹੜਾ ਕਿਸੇ ਸਧਾਰਨ ਤਨਖ਼ਾਹਦਾਰ, ਤੀਜੇ ਦਰਜੇ ਦੇ ਮੁਨਸਫ਼ ਦੀ ਦਿਲਚਸਪੀ ਦਾ ਵਿਸ਼ਾ ਹੋ ਸਕਦਾ ਹੈ। ਨਾਂ ਕਿ ਮਸ਼ਹੂਰ ਇਤਿਹਾਸਕਾਰ ਜਾਂ ਬਹਾਦਰ ਕਰਨੈਲ ਦੁਆਰਾ, ਹਾਰਾਂ ਵਾਲੀ ਉਨ੍ਹੀਵੀਂ ਸਦੀ ਦੇ ਨਾਮਧਾਰੀ ਸ਼ਹੀਦੀ ਸਾਕੇ ਬਾਰੇ, ਬਣਾਇਆ ਜਾਣ ਵਾਲਾ ਕੇਂਦਰੀ ਮੁੱਦਾ ਹੈ।

ਮੈਂ ਇਹਨਾਂ ਲਾਸਾਨੀ ਅਮਰ ਸ਼ਹੀਦਾਂ ਨੂੰ ਪ੍ਰਣਾਮ ਕਰਦਾ ਹਾਂ ਜੋ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦੇ ਸਿੰਘ ਹਨ। ਉਹਨਾਂ ਦੀ ਜੋਤ ਸਿੱਖਾਂ ਵਿਚ ਹਮੇਸ਼ਾਂ ਜਗਦੀ ਰਹੇ, ਜਿਹੜੀ ਜੋਤ ਵਿਚ ਹੀ ਕੇਵਲ ਇਹ ਤਾਕਤ ਹੈ ਜੋ ਸਾਡੀ ਕੌਮ ਨੂੰ ਵਰਤਮਾਨ ਬੌਧਿਕ ਮਲੀਨਤਾ, ਰੂਹਾਨੀ ਪਤਨ ਅਤੇ ਸਰਬ ਪੱਖੀ ਨਿਘਾਰ ਤੋਂ, ਬਾਹਰ ਕੱਢ ਸਕਦੀ ਹੈ।

ਨੋਟ-ਇਹ ਲੇਖ ਧੰਨਵਾਦ ਸਹਿਤ, ਸਿਰਦਾਰ ਕਪੂਰ ਸਿੰਘ, ਪ੍ਰਸਿੱਧ ਸਿੱਖ ਵਿਦਵਾਨ ਦੀ ਅੰਗਰੇਜ਼ੀ ਕਿਤਾਬ "ਸਿਖਿਜ਼ਮ ਐਂਡ ਦੀ ਸਿੱਖਜ਼" (ਸੰਪਾਦਕ ਬਲਦੇਵ ਸਿੰਘ) ਵਿਚੋਂ ਲਿਆ ਗਿਆ ਹੈ। ਸਿਰਦਾਰ ਸਾਹਿਬ ਦੇ ਕੁਝ ਵਿਚਾਰ ਬੇਸ਼ੱਕ ਆਪਣੇ ਹਨ ਪਰ ਜਿਸ ਦਲੇਰੀ ਅਤੇ ਵਿਦੱਵਤਾ ਨਾਲ, ਉਹ ਨਾਮਧਾਰੀ ਸ਼ਹੀਦਾਂ ਨੂੰ ਸਮੁੱਚੇ ਸਿੱਖ ਪੰਥ ਵਿੱਚ ਉਹਨਾਂ ਦਾ ਬਣਦਾ ਸਥਾਨ ਦਿਵਾਉਣ ਲਈ ਬਾ-ਦਲੀਲ ਗੱਲ ਕਰਦੇ ਹਨ, ਉਸਦਾ ਕੋਈ ਮੁਕਾਬਲਾ ਨਹੀਂ।

**ਪੰਜਾਬੀ ਅਨੁਵਾਦ- ਸੁਵਰਨ ਸਿੰਘ ਵਿਰਕ**

# ਸ਼ਹੀਦ

**ਕਰਮ ਸਿੰਘ ਬਾਲਮ**

ਵੁਹ ਗੀਤ ਆਜ਼ਾਦੀ ਦੇ ਗਾਤੇ ਚਲੇ ਗਏ।
ਵੁਹ ਫਾਂਸੀ ਕੋ ਹਾਸੀ ਹਸਾਤੇ ਚਲੇ ਗਏ।
ਤੋਪ ਸ਼ਮਾ ਪੇ ਵੁਹ 'ਬਾਲਮ' ਪਤੰਗੇ।
ਮੌਤ ਕੋ ਦਾਸੀ ਬਨਾਤੇ ਚਲੇ ਗਏ।

# ਪੰਜਾਬੀ ਬੋਲੀ

**ਕਰਮ ਸਿੰਘ ਬਾਲਮ**

ਜਿਸ ਜ਼ੁਬਾਨ ਜ਼ੁਬਾਨਾਂ ਨੂੰ ਪਿਆਰ ਦਿੱਤਾ,
ਉਹ ਜ਼ੁਬਾਨ ਪੰਜਾਬੀ ਪੰਜਾਬੀਆਂ ਦੀ।
ਲਊ ਕਸ਼ੂ ਨੇ ਜਿਸਦੇ ਗੀਤ ਗਾਏ,
ਆਲੀਸ਼ਾਨ ਪੰਜਾਬੀ ਪੰਜਾਬੀਆਂ ਦੀ।
ਜਿਸ ਖ਼ਾਨ ਚੋਂ ਪਿਆਰ ਪੈਦਾਇਸ਼ ਹੁੰਦੀ,
ਓਹ ਖ਼ਾਨ ਪੰਜਾਬੀ ਪੰਜਾਬੀਆਂ ਦੀ।
ਅਣਖ ਆਨ ਜਿਸ ਨੂੰ ਕਰਨ ਜਿਸਦੇ,
ਓਹ ਆਨ ਪੰਜਾਬੀ ਪੰਜਾਬੀਆਂ ਦੀ।
ਕਿਹਾ ਰਾਂਝਿਆਂ ਹੀਰਾਂ ਤੇ ਵਾਰਸਾਂ ਨੇ,
ਜ਼ਿੰਦ ਜਾਨ ਪੰਜਾਬੀ ਪੰਜਾਬੀਆਂ ਦੀ।
ਅਸੀਂ ਜਾਏ ਪੰਜਾਬ ਦੀ ਕੁੱਖ ਵਿੱਚੋਂ,
ਹਾਂ ਸੰਤਾਨ ਪੰਜਾਬੀ ਪੰਜਾਬੀਆਂ ਦੀ।
ਸਿਰ ਉਹਨਾਂ ਦੇ ਅਸੀਂ ਝੁਕਾ ਦਿਆਂਗੇ,
ਜੋ ਝੁਕਾਣ ਪੰਜਾਬੀ ਪੰਜਾਬੀਆਂ ਦੀ।
ਅਸੀਂ ਜ਼ਾਲਮ ਦੇ ਰੱਬ ਰੁਲਾ ਦਿਆਂਗੇ,
ਜੋ ਰੁਲਾਣ ਪੰਜਾਬੀ ਪੰਜਾਬੀਆਂ ਦੀ।
ਅਸੀਂ ਉਹਨਾਂ ਦੇ ਤਨ ਤੜਪਾ ਦਿਆਂਗੇ,
ਜੋ ਤੜਪਾਣ ਪੰਜਾਬੀ ਪੰਜਾਬੀਆਂ ਦੀ।
ਭਾਵੇਂ ਸੌਂਕਣਾਂ ਇਸਨੂੰ ਕਹਿਣ ਮੂਰਖ,
ਪਰ ਭੰਡਾਰ ਗਿਆਨ ਪੰਜਾਬੀ ਪੰਜਾਬੀਆਂ ਦੀ।
ਬਾਕੀ ਬੋਲੀਆਂ ਗੋਲੀਆਂ ਜਿਸ ਦੀਆਂ,
ਜ਼ਿੰਦ ਜਾਨ ਪੰਜਾਬੀ ਪੰਜਾਬੀਆਂ ਦੀ।
ਕਿਸੇ ਕਿਹਾ ਪੰਜਾਬੀ ਤਾਂ ਹੈ ਬੁਲਬੁਲ,
ਜੋ ਫੁੱਲਾਂ ਦੀ ਸੇਜ ਹੰਢਾਂਵਦੀ ਏ।
ਕਿਸੇ ਕਿਹਾ ਪੰਜਾਬੀ ਹੈ ਮਹਾਂਰਾਣੀ,
ਜੋ ਰਣਜੀਤ ਦੇ ਰਾਜ ਹੰਢਾਂਵਦੀ ਏ।
ਕਿਸੇ ਕਿਹਾ ਪੰਜਾਬੀ ਹੈ ਮਹਾਂ ਮਾਇਆ,
ਜੋ ਨਾਨਕ ਨੂੰ ਗੋਦ ਖਿਡਾਂਵਦੀ ਏ।
ਕਿਸੇ ਕਿਹਾ ਪੰਜਾਬੀ ਹੈ ਆਦਿ ਸ਼ਕਤੀ,
ਜੋ ਬਾਣੀ ਦੇ ਬਾਣ ਚਲਾਂਵਦੀ ਏ।
ਉੱਚੀ ਸੁੱਚੀ ਹੈ ਸਾਰੇ ਸੰਸਾਰ ਨਾਲੋਂ,
'ਬਾਲਮ' ਜ਼ੁਬਾਨ ਪੰਜਾਬੀ ਪੰਜਾਬੀਆਂ ਦੀ।
ਮਹਾਂ ਮਾਇਆ ਭਵਾਨੀ ਆਦਿ ਸ਼ਕਤੀ,
ਸੱਭੇ ਸਲਾਹਣ ਪੰਜਾਬੀ ਪੰਜਾਬੀਆਂ ਦੀ।

# ਭਾਈ ਤਾਰੂ ਸਿੰਘ ਜੀ

-ਕਰਤਾਰ ਸਿੰਘ ਬਲੱਗਣ

ਤਾਰੂ ਸਿੰਘ ਨੂੰ ਕਹਿੰਦੇ ਨੇ ਫੜਨ ਵੇਲੇ,
ਆਈ ਫ਼ੌਜ ਤਲਵਾਰਾਂ ਤੇ ਤੀਰਾਂ ਦੇ ਨਾਲ।
ਇਹ ਵੀ ਕਹਿੰਦੇ ਨੇ ਲਾਈਓ ਨੇ ਸੂਰਮੇ ਨੂੰ,
ਹੱਥਕੜੀ ਤੇ ਬੇੜੀ ਜੰਜ਼ੀਰਾਂ ਦੇ ਨਾਲ।
ਇਹ ਵੀ ਦੱਸਦੈ ਕੋਈ ਪਈ ਗਲ ਉਹਦੇ,
ਇਕੋ ਕੁੜਤੀ ਅੱਧ-ਬਾਂਹੀ ਸੀ ਲੀਰਾਂ ਦੇ ਨਾਲ।
ਇਹ ਵੀ ਕਿਸੇ ਇਤਿਹਾਸ ਵਿੱਚ ਵੇਖਿਆ ਏ,
ਲੱਗੀ ਭੁੱਖ ਸੀ ਉਹਨੂੰ ਵਹੀਰਾਂ ਦੇ ਨਾਲ।
ਉਹਦੇ ਮੱਥੇ 'ਤੇ ਵੱਟ ਕੋਈ ਗ਼ਮਾਂ ਵਾਲਾ?
ਇਹ ਪਰ ਕਿਸੇ ਵਡੇਰੇ ਨੇ ਦੱਸਿਆ ਨਹੀਂ।
ਅੱਜ ਤੱਕ ਕਿਸੇ ਤਰੀਖ਼ ਵਿੱਚ ਨਹੀਂ ਪੜ੍ਹਿਆ,
(ਕਿ) ਉਹ ਮਰਨ ਵੇਲੇ ਖਿੜ-ਖਿੜ ਹੱਸਿਆ ਨਹੀਂ।

ਤਾਰੂ ਸਿੰਘ ਨੂੰ ਬੰਨ੍ਹ ਕੇ ਲੈ ਚੱਲੇ,
ਗ਼ਲਬਾ ਪੈ ਗਿਆ ਜਦੋਂ ਤਕਦੀਰ ਦਾ ਏ।
ਟੁੱਟੀ ਸਾਂਝ ਜਵਾਨ ਦੀ ਪਿੰਡ ਨਾਲੋਂ,
ਟੁੱਟੇ ਸਾਕ ਜਿਉਂ ਜਿੰਦ ਸਰੀਰ ਦਾ ਏ।
ਤਾਂ ਹੀ ਟਾਕਰਾ ਗਲੀ ਵਿਚ ਹੋ ਜਾਂਦੈ ,
ਜਾਂਦੇ ਜਾਂਦਿਆਂ ਭੈਣ ਤੇ ਵੀਰ ਦਾ ਏ।
ਵਿੰਹਦੇ ਸਾਰ ਹੀ ਭੈਣ ਨੂੰ ਸਮਝ ਆ ਗਈ,
ਮੇਲਾ ਇਹੋ ਹੀ ਸਾਡਾ ਅਖ਼ੀਰ ਦਾ ਏ।
ਭੁੱਬਾਂ ਮਾਰ ਭਰਾ ਨੂੰ ਕਹਿਣ ਲੱਗੀ,
ਜਾਂਦਾ ਹੋਇਆ ਵਖਾਈ ਤਾਂ ਦੇ ਜਾਂਦੋਂ।
ਲਾੜੀ ਮੌਤ ਵਿਆਹੁਣ ਲਈ ਚੱਲਿਆ ਏਂ,
ਵੀਰਾ ਵਾਗ ਫੜਾਈ ਤਾਂ ਦੇ ਜਾਂਦੋਂ।

ਸਦਕੇ ਜਾਂ, ਕੂੰਦਾ ਕਿਉਂ ਨਹੀਂ, ਦੱਸ ਤੇ ਸਹੀ,
ਅਚਨਚੇਤ ਟੁਰਿਉਂ ਕਿਹੜੇ ਦਾਅ ਚੰਨਾ।
ਭੈਣ ਰੱਜ ਗਈ ਅਜੇ ਤੱਕ ਨਹੀਂ ਲੱਥਾ,
ਮੇਰਾ ਘੋੜੀਆਂ ਗਾਉਣ ਦਾ ਚਾਅ ਚੰਨਾ।
ਵਗਦੇ ਜ਼ੁਲਮ ਤੇ ਜ਼ਬਰ ਦੇ ਝਖੜਾਂ ਵਿੱਚ,
ਤੈਨੂੰ ਲੱਗੇ ਨਾ ਤੱਤੀ ਵਾ ਚੰਨਾ।
ਅਮੀਂ ਜਮੀਂ ਵੱਸੇ ਦੁਨੀਆਂ ਆਪਣੀ ਇਹ,
ਪਰ ਸਾਕ ਜੱਗ ਤੇ ਭੈਣ ਭਰਾ ਚੰਨਾ।
ਕੱਚੀ ਲਿੱਲ੍ਹ ਵਾਂਗੂੰ ਟੁੱਟ ਪੈਣ ਲੱਗੈਂ,
ਅਜੇ ਮੇਵਾ ਪਿਆਰ ਦਾ ਪੱਕਣਾ ਸੀ।
ਗਾਨਾ ਮੌਤ ਦਾ ਹੁਣੇ ਹੀ ਬੰਨ੍ਹ ਬੈਠੋਂ,
ਮੈਂ ਤੇ ਚੂੜਾ ਭਰਜਾਈ ਦਾ ਤੱਕਣਾ ਸੀ।

ਸਭੋ ਸਾਕ ਚੰਗੇਰੇ ਨੇ ਜੱਗ ਉੱਤੇ,
ਪਰ ਭੈਣਾਂ ਜਿਗਰ ਦਾ ਸਾਕ ਅਖਵਾਉਂਦੀਆਂ ਨੇ।
ਚੰਨ ਵੀਰ ਨਾ ਰਤਾ ਕੁ ਨਜ਼ਰ ਆਵੇ,
ਭੈਣਾਂ ਅੰਨ੍ਹੀਆਂ ਹੋ ਹੋ ਜਾਂਦੀਆਂ ਨੇ।
ਬੰਨੇ ਗਏ ਨੂੰ ਰਤਾ ਕੁ ਚਿਰ ਲੱਗੇ,
ਬਹਿ ਬਹਿ ਔਂਸੀਆਂ ਰਾਹਾਂ 'ਤੇ ਪਾਂਦੀਆਂ ਨੇ।
ਸੁੱਕਾ ਟੁੱਕ ਨਗੂਣਾ ਵੀ ਖਾਣ ਲੱਗਣ ,
ਇਹ ਵੀ ਕੱਲ੍ਹਿਆਂ ਕਦੇ ਨਾ ਖਾਂਦੀਆਂ ਨੇ।
ਮੇਰੇ ਤੁਲੇ ਦੇ ਕੱਲੇ ਮੁਹਾਣਿਆ ਵੇ,
ਤੂੰ ਤੇ ਮੌਤ ਦੀ ਨੈਂ ਵਿਚ ਤਰ ਚਲਿਐਂ।
ਕਲਗੀ ਵਾਲੇ ਦੀ ਅੱਖ ਦੇ ਚਾਨਣਾ ਵੇ,
ਅੱਜ ਭੈਣ ਨੂੰ ਅੰਨ੍ਹਿਆਂ ਕਰ ਚਲਿਐਂ।

ਐਪਰ ਵੀਰ ਵੇ, ਹੌਂਸਲਾ ਕਾਇਮ ਰੱਖੀਂ
ਉੱਕਾ ਡਰੀਂ ਨਾ ਤੈਨੂੰ ਡਰਾਣਗੇ ਉਹ।
ਇਹ ਵੀ ਚਰਜ ਨਹੀਂ ਗੱਲ ਤੂੰ ਸੱਚ ਜਾਣੀ,
ਬੰਦ ਬੰਦ ਵੀ ਅੱਡ ਕਰਾਣਗੇ ਉਹ।
ਜੀਭ ਸੜੇ ਮੇਰੀ, ਮੈਂ ਨਹੀਂ ਆਖ ਸਕਦੀ,
ਤੇਰੇ ਚਰਖੀ ਤੇ ਤੂੰਬੇ ਉਡਾਣਗੇ ਉਹ।
ਇਹ ਵੀ ਕਰਨ, ਤਾਂ ਵੀ ਵੱਡੀ ਗੱਲ ਕੋਈ ਨਹੀਂ,
ਤੈਨੂੰ ਆਰੇ ਦੇ ਨਾਲ ਚਰਾਣਗੇ ਉਹ।
ਮੇਰਾ ਭਰਮ ਨਾ ਕਰੀ ਮੈਂ ਸਮਝ ਲਵਾਂਗੀ,
ਤੈਨੂੰ ਪਿਤਾ ਮੇਰੇ ਨਾਲੋਂ ਲੈ ਗਿਆ ਸੀ।
ਐਪਰ ਇਹ ਨਾ ਸੁਣਾ ਕਿ ਮਰਨ ਵੇਲੇ,
ਮੱਥੇ ਵੱਟ ਭਰਾ ਦੇ ਪੈ ਗਿਆ ਸੀ।
ਤੇਰੇ ਬਿਨਾਂ ਜਹਾਨ ਉਜਾੜ ਹੋਣੈ,
ਕਰਸੀ ਘਰ ਬੂਹਾ ਭਾਂ-ਭਾਂ ਚੰਨਾ।

ਤੇਰੀ ਰੱਤ ਦੇ ਨਾਲ ਹੀ ਚਮਕਣਾ ਸੀ,
ਐਪਰ ਏਸ ਖਣਵਾਦੇ ਦਾ ਨਾਂ ਚੰਨਾ।
ਮਤੇ ਘਾਬਰੇਂ ਜਦੋਂ ਦਬਾ ਪਾਵਣ,
ਤੈਨੂੰ ਪਈ ਸਮਝਾਂਦੀ ਹਾਂ ਤਾਂ ਚੰਨਾ।
ਕਰੀਂ ਨਾਂਹ ਜੇ ਆਖਣੀਂ ਧਰਮ ਛੱਡ ਦੇ,
ਪੁੱਛਣ ਮਰਨਾ ਈਂ? ਆਖ ਦਈਂ ਹਾਂ ਚੰਨਾ।
ਵੀਰਾ ਆਪਣੀ ਜਿੰਦ ਤੇ ਖੇਡ ਕੇ ਵੀ,
ਜੇ ਤੂੰ ਹਿੰਦ ਦਾ ਕੁਝ ਸਵਾਰ ਲਏਂਗਾ।
ਡੁੱਬ ਕੇ ਜ਼ਿੰਦਗੀ ਦੇ ਸਾਗਰ ਵਿਚ ਚੰਨਾ,
ਆਪਣੀਆਂ ਇੱਕੀਆਂ ਕੁਲਾਂ ਨੂੰ ਤਾਰ ਲਏਂਗਾ।

ਅੱਗੋਂ ਹੱਸ ਕੇ ਜਿੰਦਾ ਸ਼ਹੀਦ ਕਹਿੰਦਾ,
ਉੱਕਾ ਭੈਣ ਜੀ ਮੈਂ ਝੁਰਾਂ ਝੁਕਾਂਗਾ ਨਾਂਹ।
ਹੋਵੇ ਸੱਤਾਂ ਵਲੈਤਾਂ ਦੀ ਬਾਦਸ਼ਾਹੀ,
ਕਦੀ ਪਰਤ ਕੇ ਓਧਰੋਂ ਤੱਕਾਂਗਾ ਨਾਂਹ।
ਸਿਦਕੀ ਸਿੱਖ ਵਾਂਗੂੰ ਛਾਤੀ ਡਾਹ ਦਿਆਂਗਾ,
ਕਦੀ ਤੇਗ ਨੂੰ ਪਿੱਠ 'ਤੇ ਡੱਕਾਂਗਾ ਨਾਂਹ।
ਜੱਫੇ ਮਾਰਾਂਗਾ ਆਰੀਆਂ ਚਰਖੀਆਂ ਨੂੰ,
ਆਈ ਮੌਤ ਤਾਈਂ ਪਿਛਾਂਹ ਧੱਕਾਂਗਾ ਨਾਂਹ।
ਲੋਕੀਂ ਕਹਿੰਦੇ ਨੇ ਰੰਬੀ ਦੇ ਨਾਲ ਚਰਦਾ,
ਤਾਰੂ ਸਿੰਘ ਗੱਲ ਆਖਰੀ ਕਰ ਰਿਹਾ ਸੀ।
ਮੇਰੀ ਭੈਣ ਤਾਈਂ ਲੋਕੋ ਆਖ ਦੇਣਾ,
ਤੇਰਾ ਵੀਰ ਹੱਸ-ਹੱਸ ਕੇ ਮਰ ਰਿਹਾ ਸੀ।

# ਮਾਂ ਬੋਲੀ ਬਾਰੇ ਕਵਿਤਾਵਾਂ

## ਮੈਂ ਪੰਜਾਬੀ,

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।
ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋੜ੍ਹੀ ਬਹੁਤੀ ਅੰਗਰੇਜ਼ੀ ਨੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਮੈਂ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
'ਵਾਰਿਸ ਸ਼ਾਹ' ਤੇ 'ਬੁਲ੍ਹੇ'ਦੇ ਰੰਗ ਅੰਦਰ,
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵ੍ਹਾਂ ਏਥੇ ਤੇ ਯੂ.ਪੀ. ਵਿਚ ਕਰਾਂ ਗੱਲਾਂ ?
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ,
ਮੈਂ ਪੰਜਾਬੀ, ਪੰਜਾਬ ਦਾ 'ਸਰਫ਼' ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

**(ਫ਼ਿਰੋਜ਼ਦੀਨ ਸ਼ਰਫ਼)**

## ਤੂੰ ਆਪਣੀ ਮਾਂ ਛੱਡ ਦੇ

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦੀ ਜਿਦ੍ਹੀ ਚ ਪਲ ਕੇ ਜਵਾਨ ਹੋਇਓਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।
ਜੇ ਪੰਜਾਬੀ ਪੰਜਾਬੀ ਈ ਕੂਕਣਾ ਈਂ,
ਜਿਥੇ ਖਲਾ ਖਲੋਤਾ ਏਂ ਥਾਂ ਛੱਡ ਦੇ।
ਮੈਨੂੰ ਇੰਝ ਲਗਦਾ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।

**(ਉਸਤਾਦ ਦਾਮਨ)**

## ਹਾਂ ਜੀ ਹਾਂ, ਪੰਜਾਬੀ ਏ

ਉਰਦੂ ਦਾ ਮੈਂ ਦੋਖੀ ਨਹੀਂ,
ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ।
ਪੁੱਛਦੇ ਓ ਮੇਰੇ ਦਿਲ ਦੀ ਬੋਲੀ,
ਹਾਂ ਜੀ ਹਾਂ ਪੰਜਾਬੀ ਏ।
ਹਾਂ ਜੀ ਹਾਂ, ਪੰਜਾਬੀ ਏ।
'ਬੁੱਲਾ' ਮਿਲਿਆ ਏਸੇ ਵਿਚੋਂ,
ਏਸੇ ਵਿਚੋਂ ਵਾਰਿਸ ਵੀ,
ਧਾਰਾਂ ਮਿਲੀਆ ਏਸੇ ਵਿਚੋਂ,
ਮੇਰੀ ਮਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।
ਇਹਦੇ ਬੋਲ ਕੰਨ੍ਹਾਂ ਵਿਚ ਪੈਂਦੇ,
ਦਿਲ ਮੇਰੇ ਦੇ ਵਿੱਚ ਨੇ ਰਹਿੰਦੇ।
ਤਪਦੀਆਂ ਹੋਈਆਂ ਰੇਤਾਂ ਉਤੇ,
ਇੱਕ ਠੰਡੀ ਛਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।
ਇਹਦੇ ਦੁੱਧਾਂ ਦੇ ਵਿਚ ਮੱਖਣੀ,
ਮੱਖਣਾਂ ਦੇ ਵਿਚ ਘਿਓ ਦੀ ਚੱਖਣੀ,
ਡੱਬ ਖੜੱਬੀ ਦੁੱਧਲ ਜੇਹੀ,
ਇਕ ਸਾਡੀ ਗਾਂ ਪੰਜਾਬੀ ਏ।
ਹਾਂ ਜੀ ਹਾਂ, ਪੰਜਾਬੀ ਏ।

**(ਉਸਤਾਦ ਦਾਮਨ)**

## ਸਰਦਾਰ ਪੰਜਾਬੀ ਨੇ

ਵਾਰਸ, ਬੁਲ੍ਹੇ ਵਰਗੇ ਬੈਠੇ, ਹੰਸ ਵਿਸਾਰ ਪੰਜਾਬੀ ਨੇ।
ਕਿਸਰਾਂ ਆਖਾਂ ਮਾਂ ਬੋਲੀ ਦੇ 'ਬਰਖ਼ੁਰਦਾਰ' ਪੰਜਾਬੀ ਨੇ।
ਬਾਲਾਂ ਦੇ ਮੂੰਹ ਜੇਹੜੇ ਅੱਖ਼ਰ ਚੋਗੇ ਵਾਂਗੂੰ ਦੇਣੇ ਸਨ,
ਉਹਨਾਂ ਬਦਲੇ ਫੜ ਫੜ ਓਬੜ ਤੁੰਨਦੇ ਯਾਰ ਪੰਜਾਬੀ ਨੇ।
ਅਚਣਚੇਤੀ ਵੀ ਨਾ ਲਾਵੀਂ ਮੇਰੇ ਮੱਥੇ ਉਹਨਾਂ ਨੂੰ,
ਜਿਹੜੇ ਵੀ ਇਸ ਧਰਤੀ ਉੱਤੇ ਬਦਬੂਦਾਰ ਪੰਜਾਬੀ ਨੇ।
ਓਦਰ ਓਧਰ ਕਰਾਂ ਸਲਾਮਾਂ ਦਿਲ ਦੀ ਦੁਨੀਆਂ ਕਹਿੰਦੀ ਏ,
ਜਿੱਧਰ ਜਿੱਧਰ ਜਾਂਦੇ ਮੇਰੇ ਬਾ ਕਿਰਦਾਰ ਪੰਜਾਬੀ ਨੇ ।
ਕੰਡੇ ਕਦੇ ਨਾ ਲੱਗੇ ਰੱਬਾ, ਵਿਚ ਮੈਦਾਨੇ ਉਹਨਾਂ ਦੀ,
ਜਿਹੜੇ ਆਪਣੀ ਮਾਂ ਬੋਲੀ ਦੇ ਖ਼ਿਦਮਤਗਾਰ ਪੰਜਾਬੀ ਨੇ।
ਖ਼ਵਾਜਾ, ਫ਼ਰੀਦ, ਮੁਹੰਮਦ, ਵਾਰਿਸ, ਨਾਨਕ, ਬੁੱਲ੍ਹਾ, ਬਾਹੂ, ਲਾਲ,
ਇਹ ਪੰਜਾਬੀ ਉੱਚੇ ਸੁੱਚੇ, ਇਹ ਸਰਦਾਰ ਪੰਜਾਬੀ ਨੇ।
ਆਪਣੀ ਮਾਂ ਬੋਲੀ ਬੋਲਣ ਵੇਲ਼ੇ ਜਿਹਨਾਂ ਦਾ ਸਾਹ ਘੁੱਟਦਾ ਏ,
"ਬਾਬਾ ਨਜ਼ਮੀ" ਦੇ ਦੇ ਫ਼ਤਵਾ, ਉਹ ਗ਼ੱਦਾਰ ਪੰਜਾਬੀ ਨੇ।

**(ਬਾਬਾ ਨਜ਼ਮੀਂ)**

## ਪੰਜਾਬੀ ਮਾਂ ਬੋਲੀ

ਅੱਖਰਾਂ ਵਿੱਚ ਸਮੁੰਦਰ ਰੱਖਾਂ,ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿੱਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।
ਧੂੜਾਂ ਨਾਲ ਕਦੇ ਨਈਂ ਮਰਨਾ ਸ਼ੀਸ਼ੇ ਦੇ ਲਿਸ਼ਕਾਰੇ ਨੇ।
ਜਿੰਨੀ ਮਰਜ਼ੀ ਤਿੱਖੀ ਬੋਲੇ ਉਰਦੂ,ਬਾਲ ਪੰਜਾਬੀ ਦਾ।
ਜਿਹੜੇ ਆਖਣ ਵਿੱਚ ਪੰਜਾਬੀ ਵੁਹਸਤ ਨਹੀਂ,ਤਹਿਜ਼ੀਬ ਨਹੀਂ
ਪੜ੍ਹ ਕੇ ਵੇਖਣ 'ਵਾਰਸ' 'ਬੁੱਲ੍ਹਾ', 'ਬਾਹੂ' 'ਲਾਲ' ਪੰਜਾਬੀ ਦਾ।
ਮਾਂ ਬੋਲੀ ਦੀ ਘਰ ਵਿੱਚ ਇੱਜ਼ਤ ਕੰਮੀਂ ਜਿੰਨੀ ਵੇਖ ਰਿਹਾਂ।
ਦੇਸ ਪਰਾਏ ਕੀ ਹੋਵੇਗਾ ਖ਼ੋਰੇ ਹਾਲ ਪੰਜਾਬੀ ਦਾ।
ਗ਼ਰਜ਼ਾਂ ਵਾਲੀ ਜੋਕ ਨੇ ਸਾਡੇ ਮਗਰੋਂ ਜਦ ਤੱਕ ਲਹਿਣਾ ਨਹੀਂ।
ਓਨਾ ਚਿਰ ਤੇ ਹੋ ਨਹੀਂ ਸਕਦਾ,ਹੱਕ ਬਹਾਲ ਪੰਜਾਬੀ ਦਾ।
ਹੱਥ ਹਜ਼ਾਰਾਂ ਵੱਧ ਕੇ 'ਬਾਬਾ' ਘੁੱਟ ਦੇਂਦੇ ਨੇ ਮੇਰਾ ਮੂੰਹ।
ਪਰ੍ਹਿਆਂ ਦੇ ਵਿੱਚ ਜਦ ਵੀ ਚੁੱਕਨਾ ਕੋਈ ਸਵਾਲ ਪੰਜਾਬੀ ਦਾ।

**(ਬਾਬਾ ਨਜ਼ਮੀਂ)**

# ਭਾਈ ਮਨੀ ਸਿੰਘ ਜੀ
-ਈਸ਼ਰ ਸਿੰਘ

ਸਵਾਲ:-

ਬਦਲੀ ਜ਼ਰਾ ਨਾ ਬਦਲੀ ਪ੍ਰੇਮ ਦੀ ਏ,
ਭਾਂਵੇ ਜ਼ਾਲਮ ਨੇ ਆਪਣੀ ਕਟਾਰ ਬਦਲੀ।
ਨਾ ਹੀ ਤਰਜ਼ ਬਦਲੀ ਨਾ ਹੀ ਅਰਜ਼ ਬਦਲੀ,
ਭਾਂਵੇ ਚੜ੍ਹੀ ਸਿਰ ਤੇ ਧੂੰਆਂ ਧਾਰ ਬਦਲੀ।
ਜਿਦਣ ਧਮਕੀਆਂ ਨਾਲ ਨਾ ਤਾਰ ਬਦਲੀ,
ਤਾਂ ਫਿਰ ਕਾਜ਼ੀ ਨੇ ਆਪਣੀ ਗੁਫ਼ਤਾਰ ਬਦਲੀ।
'ਈਸ਼ਰ' ਮੋਤੀਆਂ ਦੀ ਮੈਂ ਬਰਸਾਂ ਬਦਲੀ,
ਜੇ ਤੂੰ ਆਪਣੀ ਜ਼ਰਾ ਰਫ਼ਤਾਰ ਬਦਲੀ।

ਜਵਾਬ:-

ਬਦਲ ਬਦਲ ਕੇ ਬਦਲ ਹਜ਼ਾਰ ਬਦਲੇ,
ਮਥੋਂ ਸਾਰਾ ਹੀ ਭਾਂਵੇਂ ਸੰਸਾਰ ਬਦਲੇ।
ਭਾਵੇਂ ਖ਼ਲਕ ਬਦਲੇ ਭਾਵੇਂ ਫਲਕ ਬਦਲੇ,
ਇਕ ਵਾਰ ਨਾਂਹੀ ਸੌ ਸੌ ਵਾਰ ਬਦਲੇ।
ਬਦਲੇ ਨਾ ਮਥੀਂ ਸੋਹਣਾ ਯਾਰ ਬਦਲੇ,
ਨਾ ਉਸ ਯਾਰ ਦਾ ਮੇਰਾ ਪਿਆਰ ਬਦਲੇ।
'ਈਸ਼ਰ' ਜਾਨ ਪਰਾਣ ਮੈਂ ਕਰਾਂ ਸਦਕੇ,
ਆਪਣੇ ਪ੍ਰੀਤਮ ਦੇ ਸੋਹਣੇ ਦੀਦਾਰ ਬਦਲੇ।

ਸਵਾਲ:-

ਬੰਦੀ ਖਾਨਿਆਂ ਵਿਚ ਸਦਾ ਬੰਦ ਰਹਿਸੋਂ,
ਯਾ ਤਾਂ ਤੇਰੇ ਬੰਦ ਬੰਦ ਹੋਸਣ।
ਬਿੰਦੀ ਵਾਂਗ ਤੈਨੂੰ ਬਿੰਦ ਦੇਣਗੇ ਨੀ,
ਤੇਰੇ ਬੰਦ ਵਿੱਚ ਖਾਕ ਪੈਵੰਦ ਹੋਸਣ।
ਗੰਨੇ ਵਾਂਗ ਤੈਨੂੰ ਪੀੜ ਦੇਣਗੇ ਨੀ,
ਪੀੜਾਂ ਨਾਲ ਪਾਸੇ ਦਰਦਮੰਦ ਹੋਸਣ।
ਪਰਾਂ ਹਟ 'ਈਸ਼ਰ' ਛਡ ਇਹ ਹਠ ਅਪਣੇ,
ਰੁਤਬੇ ਦੇਖ ਤੇਰੇ ਕਿਆ ਬਲੰਦ ਹੋਸਣ।

ਜਵਾਬ:-

ਜੇ ਕਰ ਬੰਦ ਮੇਰੇ ਬੰਦ ਬੰਦ ਹੋਵਣ,
ਨਾ ਮੈਂ ਮੁਖ ਮੋੜਾਂ ਉਸ ਦਿਲਬੰਦ ਕੋਲੋਂ।
ਬੰਦੀ ਪ੍ਰੀਤ ਅੰਦਰ ਮੈਂ ਤਾਂ ਬੰਦ ਹੋਇਆ,
ਕਿਵੇਂ ਨਿਕਲ ਜਾਵਾਂ ਇਸ ਕਮੰਦ ਕੋਲੋਂ।
ਤੂੰ ਕੀ ਜਾਣੇਂ ਪ੍ਰੀਤ ਦੀ ਰੀਤ ਕਾਜ਼ੀ,
ਡਾਢੀ ਪ੍ਰੀਤ ਇਹ ਮਿੱਠੀ ਹੈ ਕੰਦ ਕੋਲੋਂ।
ਜਿਹੜਾ ਪੰਧ ਫੜਿਆ ਹੈ ਪਸੰਦ ਮੈਨੂੰ,
ਮੈਂ ਬੇਜ਼ਾਰ 'ਈਸ਼ਰ' ਤੇਰੇ ਪੰਧ ਕੋਲੋਂ।

......ਬਾਕੀ ਸਫਾ 15 ਦੀ.......(ਸਿਆਮ ਦੌਰੇ)

ਕਰਦਾ ਹੈਂ,ਸੋ ਇਸਦਾ ਕੀ ਫ਼ਾਇਦਾ ਹੈ?"ਫਿਰ ਉਸ ਨੇ ਹੱਥ ਜੋੜ ਕੇ ਬਖ਼ਸ਼ਿਸ਼ ਲਈ ਬੇਨਤੀ ਕੀਤੀ ਤੇ ਪ੍ਰਣ ਕੀਤਾ ਕਿ "ਪਿਛਲੇ ਅਉਗੁਣ ਬਖ਼ਸ਼ ਲਏ ਪ੍ਰਭ ਆਗੈ ਮਾਰਗ ਪਾਵੈ।" ਉੱਥੇ ਹੀ ਅੰਮ੍ਰਿਤ ਛਕ ਕੇ ਸਾਧਸੰਗਤ ਵਿੱਚ ਬੈਠਣ ਲੱਗਾ ਤੇ ਇਸ ਤਰ੍ਹਾਂ ਰੋਜ਼ ਕੋਈ ਕੋਈ ਸਰੀਰ ਆਪਣੀ ਭੁੱਲ ਬਖ਼ਸ਼ਾ ਕੇ ਸਿੱਧੇ ਰਸਤੇ ਪੈਂਦੇ। (ਨੋਟ: ਇੱਥੇ ਤਰਲੋਚਨ ਸਿੰਘ ਚਾਵਲਾ ਦਾ ਨਾਮ ਇਸ ਲਈ ਵਰਣਨ ਕੀਤਾ ਹੈ ਕਿਉਂਕਿ ਇਸਦੀ ਸੰਗਤ ਗ਼ੈਰ-ਨਾਮਧਾਰੀਆਂ ਨਾਲ ਬਹੁਤ ਜ਼ਿਆਦਾ ਸੀ ਤੇ ਸਾਧ-ਸੰਗਤ ਵਿੱਚ ਵੀ ਘੱਟ ਆਉਂਦਾ ਸੀ। ਉਸਦਾ ਘਰ ਵਿੱਚ ਗੁਜ਼ਾਰਾ ਵੀ ਮੁਸ਼ਕਿਲ ਨਾਲ ਹੀ ਹੁੰਦਾ ਸੀ। ਮਸਤਾਨਾ ਜੀ ਦੀ ਚੰਗੀ ਤਾੜਨਾ ਸੁਣਕੇ ਵੀ ਉਹ ਅਡੋਲ ਨਿਸਚੇ ਤੋਂ ਨਾ ਡੋਲਿਆ ਤੇ ਐਸਾ ਸਿੱਧਾ ਹੋਇਆ ਤੇ ਕਿਰਪਾ ਹੋਈ ਕਿ ਸਾਧ-ਸੰਗਤ ਨਾਲ ਪ੍ਰੇਮ ਵਧ ਗਿਆ। ਕੁਸੰਗੀ ਸਾਥ ਛੱਡ ਗਏ ਤੇ ਘਰ ਦੀ ਹਾਲਤ ਵੀ ਸੁਧਰਨੀ ਸ਼ੁਰੂ ਹੋ ਗਈ ਤੇ ਇਹ ਸਭ ਸਾਧ-ਸੰਗਤ ਦੀ ਕਿਰਪਾ ਦਾ ਫ਼ਲ ਸੀ

............(ਚੱਲਦਾ)

......ਬਾਕੀ ਸਫਾ 21 ਦੀ ....(ਸੀਸੁ ਦਿਆ ਪਰ....)

ਵਿੱਚ ਡਿੱਗਿਆ ਪ੍ਰਤੀਤ ਹੋਇਆ ਸੋਚਣ ਲੱਗਾ ਮੈਂ ਇਸ ਨੂੰ ਸੰਸਾਰਿਕ ਸੁੱਖ ਨਾਲ ਲੁਭਾਉਣਾ ਚਾਹੁੰਦਾ ਸੀ।ਇਹ ਤਾਂ ਹਕੀਕਤ ਮੰਡਲ ਦਾ ਪਾਂਧੀ ਹੈ।ਜਲਾਦ ਦਿਲੋਂ ਸਿਜਦਾ ਕਰਦਾ ਹੋਇਆ ਮਨ ਮਾਰ ਕੇ ਤਿਆਰ ਹੋਇਆ।ਭਾਈ ਜੀ ਨੇ 'ਜਪੁ ਸਾਹਿਬ' ਦਾ ਪਾਠ ਆਰੰਭ ਕਰ ਦਿੱਤਾ।ਬੰਦ-ਬੰਦ ਕੱਟਦਿਆਂ ਸਾਰਾ ਸਰੀਰ ਟੋਟੇ-ਟੋਟੇ ਹੋ ਗਿਆ ਹਰ ਅੰਗ ਵਿੱਚੋਂ 'ਜਪੁ'ਦੀ ਅਵਾਜ਼ ਆਉਂਦੀ ਰਹੀ, ਜਦੋਂ ਤੱਕ ਪਾਠ ਪੂਰਾ ਨਹੀ ਹੋ ਗਿਆ।ਨੋਟ:-ਭਾਈ ਮਨੀ ਸਿੰਘ ਜੀ ਜਨਮ ਸੰਮਤ 1719ਬਿ. 1662ਈ. ਨੂੰ ਪਿੰਡ ਕਾਰੜ (ਅੰਬਾਲਾ) ਵਿੱਚ ਹੋਇਆ। ਪ੍ਰੋ.ਪਿਆਰਾ ਸਿੰਘ 'ਪਦਮ' ਅਨੁਸਾਰ-ਭਾਈ ਮਨੀ ਸਿੰਘ ਜੀ ਹੁਰੀ ਬਾਰਾਂ ਭਰਾ ਸਨ।ਭਾਈ ਜੇਠਾ, ਭਾਈ ਦਿਆਲਾ, ਦਾਨ ਚੰਦ, ਮਾਨ ਚੰਦ, ਅਮਰ ਚੰਦ, ਰੂਪ ਚੰਦ, ਜਗਤ ਚੰਦ, ਸੋਹਣ ਚੰਦ, ਲਹਿਣਾ, ਰਾਇ ਚੰਦ, ਹਰੀ ਚੰਦ ਸਿਵਾਇ ਅਮਰ ਚੰਦ ਦੇ ਗਿਆਰਾਂ ਸ਼ਹੀਦ ਹੋਏ।

ਭਾਈ ਮਨੀ ਸਿੰਘ ਦੇ ਦਸ ਸਪੁੱਤਰ ਸਨ-ਚਿਤ੍ਰ ਸਿੰਘ,ਬਚਿੱਤਰ ਸਿੰਘ,ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਵਾਨ ਸਿੰਘ, ਦੇਸਾ ਸਿੰਘ।ਬਲਵਾਨ ਸਿੰਘ ਤੇ ਦੇਸਾ ਸਿੰਘ ਨੂੰ ਛੱਡ ਬਾਕੀ ਅੱਠਾਂ ਨੇ ਸ਼ਹੀਦੀ ਜਾਮ ਪੀਤਾ।

# ਸੁੱਚੇ ਮੋਤੀ

ਦਸ ਮਿੰਟਾਂ ਤੱਕ ਹੱਸਦੇ ਰਹਿਣ ਨਾਲ ਕੋਈ ਵਿਅਕਤੀ ਕੁਝ ਘੰਟਿਆਂ ਲਈ ਸਖ਼ਤ ਤੋਂ ਸਖ਼ਤ ਬੀਮਾਰੀ ਦੇ ਦਰਦ ਤੋਂ ਛੁਟਕਾਰਾ ਪਾ ਸਕਦਾ ਹੈ। ਆਪਣੇ ਅੰਦਰ ਹਾਸੇ ਦੀ ਸਿਰਜਣਾ-ਇੱਕ ਉਤਕ੍ਰਿਸ਼ਟ ਦਵਾਈ ਹੋ ਸਕਦੀ ਹੈ।

-ਅਗਿਆਤ

ਚੰਗੀ ਸਿਹਤ, ਉੱਤਮ ਪੁਸਤਕਾਂ ਅਤੇ ਪ੍ਰਾਰਥਨਾ-ਇਹ ਤਿੰਨੇ ਚੀਜ਼ਾਂ ਆਦਮੀ ਨੂੰ ਬਾਦਸ਼ਾਹ ਬਣਾ ਦਿੰਦੀਆਂ ਹਨ।

-ਸਵਾਮੀ ਰਾਮਤੀਰਥ

ਵਧੇਰੇ ਪੈਸੇ, ਵਧੇਰੇ ਪ੍ਰਸੰਨਤਾ ਨਹੀਂ ਦਿੰਦੇ। ਪ੍ਰਸੰਨ ਕਰਨ ਵਾਲੀਆਂ ਚੀਜ਼ਾਂ ਦਾ ਪੈਸੇ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਇਹ ਸਮਝ ਹੀ ਮਨੁੱਖ ਨੂੰ ਸਿਆਣਾ ਬਣਾਉਣ ਲਈ ਕਾਫ਼ੀ ਹੈ। ਜੀਵਨ ਲਈ ਪੈਸਾ ਜ਼ਰੂਰੀ ਹੈ, ਪਰ ਪੈਸਾ ਹੀ ਸਭ ਕੁਝ ਨਹੀਂ ਹੁੰਦਾ।

ਪ੍ਰਸੰਨਤਾ, ਸਮਝ-ਸੂਝ ਵਿੱਚੋਂ ਉਪਜਦੀ ਹੈ, ਇਹ ਕਿਧਰੇ ਵਿਕਦੀ-ਮਿਲਦੀ ਨਹੀਂ।

ਤੁਸੀਂ ਪੜ੍ਹੇ-ਲਿਖੇ ਹੋ, ਤੁਹਾਨੂੰ ਕਿਤਨੇ ਪੈਸੇ ਮਿਲ ਜਾਣ ਕਿ ਤੁਸੀਂ ਅਨਪੜ੍ਹ ਬਣਨ ਅਤੇ ਅਨਪੜ੍ਹਾਂ ਵਿੱਚ ਰਹਿਣ ਲਈ ਤਿਆਰ ਹੋ ਜਾਓਗੇ।

ਦੋ ਅੱਖਾਂ ਹਨ, ਇੱਕ ਵੇਚ ਦੇਈਏ, ਲੱਖਾਂ ਰੁਪਏ ਮਿਲ ਸਕਦੇ ਹਨ, ਕੀ ਇਹ ਪੈਸੇ ਪ੍ਰਸੰਨਤਾ ਦੇਣਗੇ? ਅਸੀਂ ਸੋਚਦੇ ਹੀ ਨਹੀਂ ਕਿ ਕੁਦਰਤ ਨੇ ਪ੍ਰਸੰਨ ਹੋਣ ਲਈ ਬੜੀਆਂ ਕੀਮਤੀ ਚੀਜ਼ਾਂ ਸਾਨੂੰ ਮੁਫ਼ਤ ਦਿੱਤੀਆਂ ਹੋਈਆਂ ਹਨ।

ਕੋਈ ਇਸਤਰੀ ਕਿਤਨੇ ਪੈਸੇ ਲੈ ਕੇ ਆਪਣੇ ਆਪ ਨੂੰ ਮਾਂ ਬਣਨ ਤੋਂ ਵਿਰਵਾ ਰੱਖਣ ਲਈ ਤਿਆਰ ਹੋ ਜਾਵੇਗੀ?

ਰਾਜਧਾਨੀ ਦਾ ਵਾਸੀ, ਕਿਤਨੇ ਪੈਸੇ ਲੈ ਕੇ ਪੱਛੜੇ ਪਿੰਡ ਵਿੱਚ ਰਹਿਣਾ ਪਸੰਦ ਕਰੇਗਾ?

ਕੋਈ ਵਿਦਵਾਨ ਕਿਤਨੇ ਪੈਸੇ ਲੈ ਕੇ ਮੰਨ ਜਾਵੇਗਾ ਕਿ ਉਹ ਬਾਕੀ ਰਹਿੰਦੀ ਜ਼ਿੰਦਗੀ ਦੌਰਾਨ, ਕੋਈ ਪੁਸਤਕ ਨਹੀਂ ਪੜ੍ਹੇਗਾ।

ਅਸੀਂ ਇਹ ਸੋਚ ਕੇ ਆਪਣੇ ਪ੍ਰਸੰਨ ਹੋਣ ਵਿੱਚ ਰੁਕਾਵਟਾਂ ਪਾਉਂਦੇ ਰਹਿੰਦੇ ਹਾਂ ਕਿ ਪੈਸਾ ਹੋਣ 'ਤੇ ਹੀ ਪ੍ਰਸੰਨਤਾ ਮਿਲੇਗੀ।

-ਨਰਿੰਦਰ ਸਿੰਘ ਕਪੂਰ

ਜਿਹੜਾ ਵਿਅਕਤੀ ਚੰਗੇਰੇ ਵਾਤਾਵਰਣ ਵਿੱਚ ਰਹਿੰਦਾ ਹੈ, ਜ਼ਿੰਦਗੀ ਵਿੱਚ ਫਜ਼ੂਲ ਗੱਲਾਂ ਦੀ ਪ੍ਰਵਾਹ ਨਹੀਂ ਕਰਦਾ, ਆਪਣੀ ਚਾਦਰ ਵੇਖ ਕੇ ਪੈਰ ਪਸਾਰਦਾ ਹੈ, ਉਸਦੇ ਜੀਵਨ ਵਿੱਚ ਕੋਈ ਮੁਸੀਬਤ ਨਹੀਂ ਆਉਂਦੀ। ਉਸਦੀ ਜ਼ਿੰਦਗੀ ਹਮੇਸ਼ਾ ਸ਼ਾਂਤਮਈ ਰਹਿੰਦੀ ਹੈ।

-ਅਗਿਆਤ

ਸਾਰੇ ਸੰਸਾਰ ਵਿੱਚ ਸਿੱਖਿਆ ਦਾ ਪਹਿਲਾ ਨਿਯਮ ਇਹ ਹੈ ਕਿ ਕਦੇ ਵੀ ਕਿਸੇ ਨੂੰ ਅਪਮਾਨਜਨਕ, ਘ੍ਰਿਣਤ ਸ਼ਬਦ ਨਾ ਕਹੋ।

-ਵਾਲਟੇਅਰ

ਇੱਕ ਵਾਰੀ ਇੱਕ ਗੁਫ਼ਾ ਵਿਚ ਰਹਿਣ ਵਾਲੇ ਭਿਖਸ਼ੂ ਦੀ ਆਪਣੇ ਸ਼ਗਿਰਦ ਨਾਲ ਨਾਰਾਜ਼ਗੀ ਹੋ ਗਈ ਅਤੇ ਭਿਖਸ਼ੂ ਨੇ ਚੇਲੇ ਨੂੰ ਉਥੋਂ ਚਲੇ ਜਾਣ ਲਈ ਕਿਹਾ।

ਸ਼ਾਗਿਰਦ ਚੁੱਪ ਕਰਕੇ ਚਲਾ ਗਿਆ ਪਰ ਗੁਫ਼ਾ ਦੇ ਬਾਹਰ ਬੈਠਾ ਰਿਹਾ। ਕਈ ਦਿਨ ਮਗਰੋਂ ਜਦੋਂ ਭਿਖਸ਼ੂ ਗੁਫ਼ਾ ਤੋਂ ਬਾਹਰ ਆਇਆ ਤਾਂ ਉਸਨੇ ਸ਼ਗਿਰਦ ਨੂੰ ਉਥੇ ਬੈਠੇ ਵੇਖਿਆ।

ਸ਼ਾਗਿਰਦ ਭਿਖਸ਼ੂ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ, ਉਸ ਨੇ ਭਿਖਸ਼ੂ ਨੂੰ ਕਿਹਾ: ਤੁਸੀਂ ਚਲੇ ਜਾਣ ਨੂੰ ਕਿਹਾ ਸੀ, ਮੈਂ ਪੁੱਛਣ ਲਈ ਬੈਠਾ ਹਾਂ, ਕਿਥੇ ਜਾਵਾਂ?

ਭਿਖਸ਼ੂ ਨੇ ਉਸ ਦੀ ਉਡੀਕ ਅਤੇ ਸ਼ਰਧਾ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ: ਕਿਧਰੇ ਨਹੀਂ ਜਾਣਾ, ਅੰਦਰ ਆ ਜਾ ਤੇਰੇ ਸਬਰ ਅਤੇ ਉਡੀਕ ਨੇ ਮੇਰੀ ਸੰਕੀਰਣਤਾ ਅਤੇ ਮੇਰੇ ਗੁੱਸੇ ਨੂੰ ਜਿੱਤ ਲਿਆ ਹੈ। ਅੱਜ ਤੋਂ ਤੂੰ ਮੇਰਾ ਉਸਤਾਦ ਹੋਵੇਂਗਾ ਅਤੇ ਮੈਂ ਤੇਰਾ ਸ਼ਾਗਿਰਦ।

# ਬਾਲ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਤਾਰਦੇ-ਤਾਰਦੇ ਸ਼ਿਕਾਰਪੁਰ ਨਗਰ ਦੇ ਬਾਹਰਵਾਰ ਜਾ ਬੈਠੇ। ਸਤਿਗੁਰੂ ਜੀ ਦੇ ਨਾਲ ਉਹਨਾਂ ਦੇ ਪਿਆਰੇ ਸਿੱਖ ਅਤੇ ਬਿਖੜੇ ਰਾਹਾਂ ਦੇ ਸਾਥੀ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਵੀ ਸਨ। ਗੁਰੂ ਜੀ ਹੁਕਮ ਕੀਤਾ,"ਭਾਈ ਮਰਦਾਨਾ ਰਬਾਬ ਖੋਲ,ਕੋਈ ਰੱਬ ਦੀ ਸਿਫਤ ਸਾਲਾਹ ਕਰੀਏ।"

ਭਾਈ ਮਰਦਾਨਾ ਜੀ ਨੇ ਰਬਾਬ ਸੁਰ ਕੀਤੀ - ਧੰਨ ਨਿਰੰਕਾਰ,ਧੰਨ ਨਿਰੰਕਾਰ ਦੀਆਂ ਧੁਨਾਂ ਪ੍ਰਗਟ ਹੋ ਆਈਆਂ। ਗੁਰੂ ਜੀ ਸ਼ਬਦ ਅਰੰਭਿਆ। ਸ਼ਬਦ ਦੀ ਆਵਾਜ਼ ਜਿਥੋਂ ਤੱਕ ਪਹੁੰਚੀ,ਇਸ ਤਰ੍ਹਾਂ ਲਗਦਾ ਸੀ ਜਿਵੇਂ ਸਮੇਂ ਦਾ ਗੇੜ ਹੀ ਰੁਕ ਗਿਆ ਹੋਵੇ। ਸੁਨਣ ਵਾਲੇ ਮੰਤਰ ਮੁਗਧ ਹੋ ਗਏ।

ਰੱਬੀ ਬਾਣੀ ਨੂੰ ਸੁਣ ਕੇ ਇਕ ਆਜੜੀ,ਜੋ ਉੱਥੇ ਨੇੜੇ ਹੀ ਬੱਕਰੀਆਂ ਚਾਰ ਰਿਹਾ ਸੀ,ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਇਆ। ਕੋਈ ਸੇਵਾ ਦੱਸਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਭਾਈ ਮਰਦਾਨੇ ਨੂੰ ਦੁੱਧ ਛਕਾਉਣ ਵਾਸਤੇ ਹੁਕਮ ਕੀਤਾ। ਆਜੜੀ ਨੇ ਦੁੱਧ ਛਕਾ ਭਾਈ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਮਰਦਾਨਾ ਜੀ ਖੁਸ਼ ਹੋ ਕੇ ਆਖਿਆ,"ਜੋ ਤੇਰਾ ਦਿਲ ਚਾਹੁੰਦੈ,ਮੰਗ ਲੈ।""ਰੱਬ ਦਾ ਦੀਦਾਰ ਚਾਹੁੰਦਾ ਹਾਂ,ਹੋਰ ਕੋਈ ਇੱਛਾ ਨਹੀ",ਆਜੜੀ ਦੀ ਬੇਨਤੀ ਸੀ,
ਭਾਈ ਮਰਦਾਨਾ ਜੀ ਕਿਹਾ,"ਤਿੰਨ ਗੱਲਾਂ ਮੈਨੂੰ ਮੇਰੇ ਬਾਬੇ ਨੇ ਪੱਕੀਆਂ ਕਰਵਾਈਆਂ ਹਨ। ਜੇ ਤੂੰ ਵੀ ਉਹ ਕਰੇਂ ਤਾਂ ਜ਼ਰੂਰ ਹੀ ਰੱਬ ਦਾ ਦਰਸਨ ਹੋ ਜਾਵੇਗਾ।

ਕੇਸ ਨਹੀ ਕਟਾਉਣੇ।
ਅੰਮ੍ਰਿਤ ਵੇਲੇ ਉੱਠ ਕੇ ਨਾਮ ਜੱਪਣਾ।
ਆਏ ਗਏ ਸਿੱਖ ਸਾਧ ਦੀ ਸੇਵਾ ਕਰਨੀ।"

## ਮੇਰੀ ਪੋਥੀ

ਇਹ ਮੇਰੀ ਪੋਥੀ ਪਿਆਰੀ ਏ।
ਇਹ ਮੇਰੀ ਫੁੱਲ ਕਿਆਰੀ ਏ।
ਇਹ ਮਨ ਮੇਰਾ ਮਹਿਕਾਂਦੀ ਏ।
ਇਹ ਮੈਨੂੰ ਮੱਤ ਸਿਖਾਂਦੀ ਏ।
ਇਹ ਮੈਨੂੰ ਸੁਘੜ ਬਣਾਵੇਗੀ।
ਸਭ ਦਿਲ ਦੀ ਆਸ ਪੁਗਾਵੇਗੀ।
ਮੈਂ ਇਸ ਤੋਂ ਬਿਨਾਂ ਨਕਾਰਾ ਹਾਂ।
ਮੈਂ ਤਾਹੀਏਂ ਇਸਦਾ ਪਿਆਰਾ ਹਾਂ।
ਪੜ੍ਹ ਇਸਨੂੰ ਪਦਵੀ ਪਾਵਾਂਗਾ।
ਗੁਣ ਤਾਂ ਵੀ ਇਸਦੇ ਗਾਵਾਂਗਾ।
ਇਹ ਮੇਰੀ ਪੋਥੀ ਪਿਆਰੀ ਏ।
ਇਹ ਮੇਰੀ ਫੁੱਲ ਕਿਆਰੀ ਏ।

**ਵਿਧਾਤਾ ਸਿੰਘ 'ਤੀਰ'**

## ਮੈਂ ਕੀ ਬਣਾਂਗਾ

ਮੈਂ ਦੁਨੀਆਂ ਤੇ ਫੁੱਲ ਬਣਾਂਗਾ,
ਆਪਣਾ ਆਪ ਖਿੜਾਵਾਂਗਾ।
ਹੱਸ-ਹੱਸ ਕੇ ਹਰ ਪਲ ਦੇ ਅੰਦਰ,
ਜੱਗ ਨੂੰ ਪਿਆ ਹਸਾਵਾਂਗਾ।
ਮਹਿਕ ਮਹਿਕ ਮਹਿਕਾਰਾਂ ਅੰਦਰ,
ਸਾਰਾ ਜੱਗ ਮਹਿਕਾਵਾਂਗਾ।
ਖੁਸ਼-ਰਹਿਣਾ ਬਣ ਹਰ ਇੱਕ ਜੀ ਨੂੰ,
ਖੁਸ਼ ਰਹਿਣਾ ਸਿਖਲਾਵਾਂਗਾ।
ਖੁਸ਼-ਰਹਿਣਾ ਹੈ ਅਸਲੀ ਜੀਣਾ,
ਇਹ ਭੇਦ ਸਮਝਾਵਾਂਗਾ।
ਮਹਿਕੇਗੀ ਇਹ ਦੁਨੀਆਂ ਸਾਰੀ,
ਏਨੀ ਮਹਿਕ ਖਿੰਡਾਵਾਂਗਾ।
ਜਾਂ ਫਿਰ ਭੌਰ ਪ੍ਰੇਮੀ ਬਣ ਕੇ,
ਗੀਤ ਵਤਨ ਦੇ ਗਾਵਾਂਗਾ।
ਭਾਰਤ ਮਾਤਾ ਦੇ ਗਲ ਵਿੱਚੋਂ,
ਸੰਗਲ ਤੋੜ ਵਿਖਾਵਾਂਗਾ।
ਜਿਸ ਦੇਸ ਵਿਚ ਪੈਦਾ ਹੋਇਆ,
ਉਸ ਤੋਂ ਜਾਨ ਘੁਮਾਵਾਂਗਾ।
ਮਰਕੇ ਜਰਕੇ ਕਸ਼ਟ ਹਜ਼ਾਰਾਂ,
ਮਰਦਾ ਦੇਸ ਜਿਵਾਵਾਂਗਾ।
ਫੁੱਲ ਸਮਝਕੇ ਦੇਸ ਆਪਣਾ,
ਇਸ ਨੂੰ ਹੀ ਗਲ ਲਾਵਾਂਗਾ।
ਵਤਨ ਲਈ ਜੀਵਾਂਗਾ ਜੱਗ ਤੇ,
ਵਤਨ ਲਈ ਮਰ ਜਾਵਾਂਗਾ।

**ਵਿਧਾਤਾ ਸਿੰਘ 'ਤੀਰ'**

# INSPIRATION OF MARTYRDOM

✍ –By-Aala Singh

*Bhai* Mani Singh Ji was a Sikh scholar, who was martyred at an old age without any offence. He was in-charge of events at *Harmandir Sahib* in Amritsar when his martyrdom took place in Lahore in the year 1738. At that time, Governor of Lahore was Zakaria Khan. The type of governance of those times was imperialistic, based on the premise of superiority of the ruling class and domination of the masses through various means. The hegemonic conduct of the governance systems of that time had created psychological and physical problems for a large portion of the subdued population. The rules and regulations were shaky, built on biased foundations and inspired by overall fear of the tyranny of the ruling class. Religious and cultural sensibilities were disregarded and the crimes of imperialistic ideology were protected by state and its establishment. The spurious principles on which the imperialism was based can be judged from the fact that royal orders were made on hearsay and rumours. Personal enmities and hidden agendas were fulfilled through groundless and unproven allegations. At the same time, a clean and just governance system was claimed and advertised. To counter the myth of so-called truthful conduct of imperialism, formidable voices and acts of protest and defiance of imperialistic hegemony had been raised from time to time in Punjab. The Sikh Gurus have opposed and ridiculed imperial structure at all stages. Fifth Guru of the Sikhs, the *King of Martyrs*, Guru Arjan Dev Ji, was called at Lahore on the basis of fake accusations. Fully aware of the ulterior objectives of the imperial authorities, Guru Arjan Dev Ji proclaimed that his martyrdom will pave way towards destruction of the imperial empire. This inspiration is mentioned in Sri Gur Partap Suraj Granth in the following words:Guru Ji said (referring to the future event)-

ਹਮ ਤਜਿ ਹੈਂ ਤੁਰਕਨਿ ਸਿਰ ਹੋਇ। ਇਨ ਕੋ ਤੇਜ ਕਰਹਿ ਛੈ ਜੋਇ।

*By my leaving the body (by attaining martyrdom), blame will come on the Turks (imperial rulers of that time in India). By this, their grandeur will be destroyed.*

Again, Guru Ji continued-

ਹੁਇ ਪ੍ਰਸੰਨ ਸ੍ਰੀ ਨਾਨਕ ਦੀਨਿ। ਤਿਨ ਝੂਠੇ ਕਰਿ ਲੇ ਹਮ ਛੀਨ।

*Sri Guru Nanak has been graceful. By convicting the imperialists (through martyrdom), we will take back their supremacy.*

The same inspiration is expressed in the conduct of Namdhari martyrs, guided by Satguru Ram Singh Ji, who exposed the false claims of a so-called fair rule by British imperialists at numerous occasions. These exposes inspired later generations including *Shaheed* Bhagat Singh who could understand the enigmatic and covert imperial agenda in the light of martyrdom of Namdhari Sikhs, whom he highly appreciated.

9th July marks the martyrdom day of *Bhai* Mani Singh Ji. The circumstances leading to martyrdom of *Bhai* Mani Singh indicate the inspiration shown by Guru Arjan Dev Ji, which has been continually followed by true Sikh martyrs time and again. The events of that time are explained in a book *Shaheed Bilas Bhai Mani Singh Ji*, written by Sewa Singh Ji, who himself was from the family of martyrs. The book presents contemporary account of that time, illustrating many facets of *Sikhi* of the times following the physical disappearance of Guru Gobind Singh Ji from Nanded, an event

the current developments of the time and future course of action to take. *Bhai* Ji was granted permission with the condition to pay a sum of Five Thousand rupees. *Bhai* Ji sent invitations to near and far places. At the same time, the Government of Lahore made a secret plan to execute the Sikhs, when assembled. *Bhai* Ji came to know of this illegitimate plan. *Shaheed Bilas* mentions the names of all the conspirators and the disclosure of plot by Sikhs of Lahore.

ਲਵਪੁਰੀ ਦਿਆਂ ਸਿੱਖਾਂ ਨੇ,ਲਿਖ ਭੇਜੀ ਅਰਦਾਸ।

*Sikhs of Luvpuri (Lahore) send request (describing the bad intentions of Zakaria Khan) to Bhai Ji.* Lahore is mentioned as *Luvpuri* in the *Shaheed Bilas*, indicating the name by which it was popular among Sikhs of that time. It is called *Luvpuri* as the city has been established by King *Luv*, son of *Lord Rama*.

On knowing this, *Bhai* Ji's state of mind is described in the following words:

ਨੀਤੀ ਸਮਝ ਤੁਰਕ ਕੀ ਲਈ।ਲਿਖ ਪਾਤੀਆਂ ਸਿੱਖਨ ਦਈ।ਕਲਗੀਧਰ ਇਮ ਮੁਖ ਥੀਂ ਕਹਿਯੋ।ਹਮ ਕੋ ਬੀਚ ਖਾਲਸੇ ਲਹਯੋ।ਤਾਹੀਯੋ ਕਹਯੋ ਰੂਪ ਹੈ ਖਾਸ।ਖਾਲਸੇ ਮੈਂ ਹਉ ਕਰੇ ਨਿਵਾਸ।

*Understanding the policy of the imperial Turks, Bhai Ji sent letters to all (telling not to come in Amritsar). He further emphasized that Kalgidhar Satguru Gobind Singh Ji has said from his Mukharbind (Holy mouth), (that) he has taken us in the fold of Khalsa. That is why, he said that Khalsa is his special form, he resides in the Khalsa.*

It is clear that the Sikhs recognized and acknowledged the presence of Guru Gobind Singh Ji near them. Here, *Bhai* Ji is seen thanking Guru Ji for saving the Sikhs from the hands of imperialists. He consoles the Sikhs by saying:

ਕਛੁਕ ਸਮਾਂ ਅਬ ਹੋਰ ਲਗੈਗਾ।ਪਾਪ ਨਾਸ਼ ਹੋ ਧਰਮ ਜਗੈਗਾ।ਹੈ ਕਰਤਾਰ ਕੋ ਇਮ ਹੀ ਭਾਨਾ।ਰਾਜ ਖਾਲਸਾ ਕਰੈ ਮਹਾਨਾ।

*It will take some more time before Dharma rises again. God so wills, Khalsa will have a great (truthful) rule.* When *Bhai* Mani Singh is presented to Zakaria Khan, *Bhai* Ji rebukes the fake assertions of Zakaria Khan, audaciously telling him that it is not the behaviour of Sikhs to lie. Again, *Bhai* Mani Singh Ji expressed the same inspiration which had been shown by Guru Arjan Dev Ji, and carried forward by true Sikh martyrs of later years. *Bhai* Ji said to Zakaria Khan:

ਸੁਣੋ ਖਾਨ! ਇਹ ਰਾਜ ਨਾ ਰਹਿਸੀ।ਕੋਟ ਪਾਪ ਕਾ ਇੱਕ ਦਿਨ ਦਹਿਸੀ।

*Listen (Zakaria) Khan! This (your) rule will not stay. The pot of sins will break one day.*

ਸੇਵਾ ਹਰੀ ਇਹੋ ਅਰਦਾਸ। ਦੁਸ਼ਟ ਰਾਜ ਕਾ ਹੋਵੈ ਨਾਸ।

*With the will that this cruel rule comes to an end, Bhai Ji sacrificed his life.*

Sewa Singh, writer of the *Shaheed Bilas* pays tribute to martyrdom of *Bhai* Mani Singh Ji in the following words:

ਖਾਤਰ ਪਰਉਪਕਾਰ ਜਹਿ,ਪ੍ਰਾਨ ਦੀਏ ਹੈ ਖੋਇ।

*For the welfare (of future generations and protection of Dharma), Bhai Mani Singh Ji laid down his life.* The martyrdom of *Bhai* Mani Singh Ji kept inspiring Sikhs and freedom-loving, like-minded people for standing against the tyranny. The martyrdom of the Gurus and their Sikhs keeps inspiring people today also. After independence, Sikhs have constructively taken the work of nation-building and their sacrifices for India now inspires others. Whenever a calamity, natural or man-made occurs, Sikhs rush to that place for help, without caring for their own lives, for the purpose of welfare of humanity.designated as *Nar-natak* (drama) by Giani Gian Singh Ji, author of the book *Panth Prakash*.

*Bhai* Mani Singh Ji decided to invite a congregation at Diwali festival, which would have provided a good opportunity to discuss

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖਬਰਨਾਮਾ

## ਅਯੁੱਧਿਆ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਲਖਨਊ-ਹਿੰਦੋਸਤਾਨ ਦੇ ਵਿਸ਼ਾਲ ਰਾਜ ਉੱਤਰ ਪ੍ਰਦੇਸ ਦੀ ਰਾਜਧਾਨੀ ਲਖਨਊ ਤੋਂ ਚੜ੍ਹਦੇ ਵੱਲ ਜ਼ਿਲ੍ਹਾ ਫੈਜ਼ਾਬਾਦ ਵਿੱਚ, ਰਾਜਧਾਨੀ ਤੋਂ ਤਕਰੀਬਨ 146 ਕਿਲੋਮੀਟਰ ਦੂਰ ਤ੍ਰੇਤੇ ਯੁਗ ਦੇ ਅਵਤਾਰ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਨਾਮ ਨਾਲ ਜਾਣੀ ਜਾਂਦੀ ਹੈ ਅਯੁੱਧਿਆ ਦੀ ਉਹ ਧਰਤੀ ਜਿਸਨੂੰ ਭਗਵਾਨ ਰਾਮ ਚੰਦਰ ਜੀ ਦੇ ਜਨਮ ਅਸਥਾਨ ਹੋਣ ਦਾ ਮਾਣ ਹਾਸਲ ਹੈ। ਇਸ ਕਰਕੇ ਅਯੁੱਧਿਆ ਭਾਰਤ ਦੇ ਇਤਿਹਾਸ ਵਿੱਚ ਕਿਸੇ ਵੀ ਜਾਨ-ਪਹਿਚਾਣ ਦੀ ਮੁਥਾਜ ਨਹੀਂ ਹੈ । ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਅਯੁੱਧਿਆ ਵਿਖੇ ਇੱਕ ਧਾਰਮਿਕ ਸਮਾਗਮ ਵਿੱਚ ਦਰਸ਼ਨ ਦੇਣ ਲਈ ਠੀਕ ਸ਼ਾਮ ਸਾਢੇ ਪੰਜ ਵਜੇ ਸ੍ਰੀ ਸਤਿਗੁਰੂ ਜੀ ਲਖਨਊ ਹਵਾਈ ਅੱਡੇ ਪਹੁੰਚੇ,ਉਥੋਂ ਗੱਡੀਆਂ ਵਿਚ ਸਵਾਰ ਹੋ ਕੇ ਲਖਨਊ ਵਿਖੇ ਗੋਲਕੇ ਮਾਰਗ ਸ. ਜੰਗ ਸਿੰਘ ਪੁੱਤਰ ਸ. ਹਰਨਾਮ ਸਿੰਘ ਦੇ ਘਰ ਆਣ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦਾ ਸਤਿਕਾਰ ਫੁੱਲ ਮਾਲਾਵਾਂ ਭੇਟ ਕਰਕੇ ਕੀਤਾ ਗਿਆ। ਇੱਥੇ ਹੀ ਸੰਗਤ ਨੇ ਵਾਰੀ ਵਾਰੀ ਨਮਸਕਾਰ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸ਼ਾਮ ਸਿੰਘ ਨੇ ਰਹਿਰਾਸ ਗੁਰਬਾਣੀ ਦਾ ਪਾਠ ਕੀਤਾ। ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਪਾਣੀ ਛਕਣ ਉਪਰੰਤ ਇੱਥੇ ਹੀ ਡੇਰਾ ਹੋਣ ਕਾਰਨ ਰਾਤ ਵਿਸਰਾਮ ਕੀਤਾ।

26 ਜੂਨ 2018 ਮੁਤਾਬਿਕ 12 ਹਾੜ੍ਹ 2075 ਦਿਨ ਮੰਗਲਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਰਮੁਖ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਸਮਾਪਤੀ ਉਪਰੰਤ ਪੰਡਿਤ ਯਾਦਵਿੰਦਰ ਸਿੰਘ ਝੱਲ ਵਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਥਾ ਵਖਿਆਣ ਤਕਰੀਬਨ ਪੌਣਾ ਘੰਟਾ ਕੀਤਾ ਗਿਆ। ਇੱਥੇ ਹੀ ਸੀਤਾਪੁਰ, ਮਲਿਕ ਫਾਰਮ, ਇਮਲੀਆ ਕੋਠੀ, ਗੋਲਾ ਦੀ ਸੰਗਤ ਵੀ ਆਣ ਹਾਜ਼ਰ ਹੋਈ। ਅੱਜ ਦੇ ਦਿਨ ਦਾ ਪ੍ਰੋਗਰਾਮ ਸੰਗਤ ਨੂੰ ਦੱਸਿਆ ਗਿਆ ਕਿ ਸਾਰੀ ਸੰਗਤ 11 ਵਜੇ ਦੇ ਕਰੀਬ ਲਖਨਊ ਤੋਂ ਅਯੁੱਧਿਆ ਲਈ ਸ੍ਰੀ ਸਤਿਗੁਰੂ ਜੀ ਦੇ ਨਾਲ ਰਵਾਨਾ ਹੋਵੇਗੀ।

ਸਾਧ ਸੰਗਤ ਦਿੱਤੇ ਹੋਏ ਪ੍ਰੋਗਰਾਮ ਮੁਤਾਬਿਕ ਪ੍ਰਸ਼ਾਦਾ ਛਕਣ ਉਪਰੰਤ ਲਖਨਊ ਤੋਂ ਗੱਡੀਆਂ ਦਾ ਕਾਫੀ ਵੱਡਾ ਕਾਫਲਾ ਸ੍ਰੀ ਸਤਿਗੁਰੂ ਜੀ ਨਾਲ ਅਯੁੱਧਿਆ ਲਈ 11.30 ਤੇ ਰਵਾਨਾ ਹੋਇਆ। ਅਯੁੱਧਿਆ ਪਹੁੰਚਣ ਤੋਂ ਪਹਿਲਾਂ ਹੀ ਸੰਤ ਰਛਪਾਲ ਸਿੰਘ, ਜਿਹਨਾਂ ਨੇ ਇਸ ਸਾਰੇ ਪ੍ਰੋਗਰਾਮ ਦੀ ਰੂਪਰੇਖਾ ਤਿਆਰ ਕੀਤੀ ਸੀ, ਨੇ ਤਕਰੀਬਨ ਸ਼ਹਿਰ ਤੋਂ ਬਾਹਰ ਵਾਰ ਪੰਜ ਕਿਲੋਮੀਟਰ ਅੱਗੇ ਹੀ ਆਣ ਸ੍ਰੀ ਸਤਿਗੁਰੂ ਜੀ ਰਸੀਵ ਕੀਤਾ। ਸਭ ਤੋਂ ਪਹਿਲਾਂ ਅਯੁੱਧਿਆ ਵਿੱਚ ਇੱਕ ਇਤਿਹਾਸਿਕ ਗੁਰਦੁਆਰਾ ਸ੍ਰੀ ਬ੍ਰਹਮ ਕੁੰਡ ਬਣਿਆ ਹੈ, ਇਸ ਗੁਰਦੁਆਰੇ ਦੀ ਇਤਿਹਾਸਿਕ ਮਹੱਤਤਾ ਹੈ ਕਿ ਇੱਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਦੀ ਯਾਤਰਾ ਸਮੇਂ, ਸ੍ਰੀ ਗੁਰੂ ਤੇਗ ਬਹਾਦਰ ਜੀ ਅਸਾਮ ਤੋਂ ਵਾਪਸੀ ਸਮੇਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿੱਚ ਪਟਨਾ ਤੋਂ ਅਨੰਦਪੁਰ ਸਾਹਿਬ ਆਉਂਦੇ ਹੋਏ ਚਰਨ ਪਾਉਣ ਦੀ ਕਿਰਪਾ ਕੀਤੀ। ਤਿੰਨ ਪਾਤਸ਼ਾਹੀਆਂ ਦੀ ਯਾਦ ਨੂੰ ਸਮਰਪਿਤ ਇਸ ਬ੍ਰਹਮ ਕੁੰਡ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਿੱਖਾਂ ਸੇਵਕਾਂ ਸਹਿਤ ਦਰਸ਼ਨ ਦੇਣ ਦੀ ਕਿਰਪਾ ਕੀਤੀ। ਗੁਰਦੁਆਰਾ ਸਾਹਿਬ ਦੀ ਸੇਵਾ ਨਿਭਾ ਰਹੇ ਹੈੱਡ ਗ੍ਰੰਥੀ ਗਿਆਨੀ ਗੁਰਜੀਤ ਸਿੰਘ ਜੀ ਖਾਲਸਾ ਨੇ ਬਹੁਤ ਨਿਮਰਤਾ, ਆਦਰ ਤੇ ਸਤਿਕਾਰ ਸਹਿਤ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ। ਗੁਰਦੁਆਰਾ ਸਾਹਿਬ ਦੇ ਇਤਿਹਾਸ ਬਾਰੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸ਼ਤਰਾਂ ਬਾਰੇ ਅਤੇ ਆਪਣੇ ਪਿਤਾ, ਦਾਦੇ ਭਾਵ ਪੁਰਖਿਆਂ ਦੀਆਂ ਇਤਿਹਾਸਿਕ ਵਸਤੂਆਂ ਬਾਰੇ ਜਾਣਕਾਰੀ ਦੇ, ਦਰਸ਼ਨ ਵੀ ਕਰਵਾਏ। ਗਿਆਨੀ ਗੁਰਜੀਤ ਸਿੰਘ ਖਾਲਸਾ ਨੂੰ ਆਸਣ, ਗੜਵਾ, ਮਾਲਾ, ਪਊਏ ਅਤੇ ਲੋਈ ਸਨਮਾਨ ਵਜੋਂ ਦੇ ਕੇ ਨਿਵਾਜਿਆ। ਸਮੁੱਚੀ ਗੁਰਦੁਆਰਾ ਬ੍ਰਹਮ ਕੁੰਡ ਕਮੇਟੀ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਸਨਮਾਨ ਚਿੰਨ੍ਹ ਅਤੇ ਬਸਤਰ ਭੇਟ ਕਰ ਸਤਿਕਾਰ ਸਹਿਤ ਸਿਰ ਝੁਕਾ ਲਿਆ। ਇੱਥੋਂ ਚੱਲ ਕੇ ਅਯੁੱਧਿਆ ਵਿਖੇ ਮੁੱਖ ਸਮਾਗਮ ਵਾਲੀ ਥਾਂ ਤੇ ਜਿੱਥੇ ਰਾਮ ਮੰਦਰ ਦੇ ਸ੍ਰੀ ਮਹੰਤ ਸਤਿਕਾਰਯੋਗ ਨਿਤਿਆ ਗੋਪਾਲ ਦਾਸ ਜੀ ਮਹਾਰਾਜ ਦੇ 80ਵੇਂ ਜਨਮ ਦਿਨ ਦੇ ਸੰਬੰਧ ਵਿੱਚ ਸਮਾਗਮ ਹੋ ਰਿਹਾ ਸੀ। ਸਟੇਜ ਤੇ ਸਭ ਤੋਂ ਪਹਿਲੀ ਕਤਾਰ ਵਿੱਚ ਸ੍ਰੀ ਸਤਿਗੁਰੂ ਜੀ ਦੇ ਬੈਠਣ ਲਈ ਸਿੰਘਾਸਣ ਦਾ ਪ੍ਰਬੰਧ ਕੀਤਾ ਗਿਆ ਸੀ। ਉਸ ਦੇ ਨਾਲ ਹੀ ਸ੍ਰੀ ਮਹੰਤ ਨਿਤਿਆ ਗੋਪਾਲ ਦਾਸ ਜੀ ਦੇ ਬੈਠਣ ਦਾ ਪ੍ਰਬੰਧ ਸੀ। ਪ੍ਰਬੰਧਕਾਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਫੁੱਲ ਮਾਲਾ ਪਹਿਨਾ ਕੇ ਚਰਨਾਂ ਤੇ ਸਿਰ ਝੁਕਾ ਕੇ ਨਮਸਕਾਰ ਕਰਕੇ ਸੁਆਗਤ ਕੀਤਾ ਗਿਆ। ਫਿਰ ਸ਼ੁਰੂ ਹੋਇਆ ਵਾਰੀ-ਵਾਰੀ ਮੰਚ ਤੋਂ ਜੋਸ਼ ਭਰਪੂਰ ਜੋਸ਼ੀਲੀਆਂ ਤਕਰੀਰਾਂ ਦਾ ਸਿਲਸਿਲਾ। ਉਹ ਸੀ- ਅਯੁੱਧਿਆ ਵਿੱਚ ਰਾਮ ਮੰਦਰ ਬਣੇ, ਕਦੋਂ ਬਣੇ, ਕਿਸ ਤਰ੍ਹਾਂ ਬਣੇ, ਕੌਣ ਬਣਾਵੇ, ਸਭ ਨੇ ਆਪੋ ਆਪਣੇ ਵਿਚਾਰ ਰੱਖੇ। ਸ੍ਰੀ ਸਤਿਗੁਰੂ ਜੀ ਲਈ ਆਸਣ ਤੇ ਹੀ ਮਾਈਕ ਦਾ ਪ੍ਰਬੰਧ ਕੀਤਾ ਗਿਆ ਅਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਪਵਿੱਤਰ ਉਪਦੇਸ਼ ਵਿੱਚ ਆਖਿਆ ਕਿ ਭਗਵਾਨ ਰਾਮ ਇਕੱਲੇ ਹਿੰਦੂ ਧਰਮ ਦੇ ਨਹੀਂ ਸਨ ਉਹ ਤਾਂ ਸਮੁੱਚੀ ਮਾਨਵਤਾ ਦੀ ਪੂਜਨੀਕ ਹਸਤੀ ਸਨ। ਅਯੁੱਧਿਆ ਦੇ ਮਹੰਤ ਸ੍ਰੀ ਨਿਤਿਆ ਗੋਪਲ ਦਾਸ ਜੀ ਦੇ 80ਵੇਂ ਜਨਮ ਦਿਨ ਤੇ ਉਹਨਾਂ ਨੂੰ

ਨਾਮਧਾਰੀ ਪੰਥ ਦੇ ਧਾਰਮਿਕ ਚਿੰਨ੍ਹ ਮਾਲਾ, ਆਸਣ, ਗੜਵਾ, ਪਊਏ, ਲੋਈ ਸ੍ਰੀ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੀ । ਇੱਥੋਂ ਹੀ ਵਿਦਾਇਗੀ ਲੈ ਕੇ ਸ੍ਰੀ ਸਤਿਗੁਰੂ ਜੀ ਅਯੁੱਧਿਆ ਵਿੱਚ ਰਾਮ ਮੰਦਰ ਵਾਲੀ ਉਹ ਥਾਂ ਦੇਖਣ ਦੀ ਇੱਛਾ ਜਾਹਰ ਕੀਤੀ, ਜਿਸ ਥਾਂ ਨੂੰ ਬਾਬਰੀ ਮਸਜ਼ਿਦ ਅਤੇ ਰਾਮ ਮੰਦਰ ਵਾਲੀ ਥਾਂ ਨਾਲ ਜਾਣਿਆ ਜਾਂਦਾ ਹੈ। ਓਥੇ ਸੁਰੱਖਿਆ ਦੇ ਪੱਖੋਂ ਕਾਫੀ ਵੱਡੀ ਤਾਦਾਦ ਵਿੱਚ ਸੀ. ਆਰ. ਪੀ. ਐਫ. ਦੇ ਜਵਾਨ ਅਤੇ ਲੋਕਲ ਪੁਲਿਸ ਤਾਇਨਾਤ ਸੀ। ਸ਼ਾਮ ਤਕਰੀਬਨ 5.30 ਵਜੇ ਸ੍ਰੀ ਸਤਿਗੁਰੂ ਜੀ ਦਾ ਗੱਡੀਆਂ ਦਾ ਕਾਫਲਾ ਉਸ ਜਗ੍ਹਾ ਪਹੁੰਚਿਆ। ਜਿੱਥੇ ਭਗਵਾਨ ਸ੍ਰੀ ਰਾਮ ਦੀ ਮੂਰਤੀ ਇੱਕ ਤੰਬੂ ਵਿੱਚ ਸਥਾਪਤ ਕੀਤੀ ਗਈ ਹੈ। ਮੰਦਰ ਵਾਲੀ ਜਗ੍ਹਾ ਤੇ ਤਾਇਨਾਤ ਇੱਕ ਪੁਜਾਰੀ ਸਭਨਾਂ ਨੂੰ ਥੋੜ੍ਹਾ-ਥੋੜ੍ਹਾ ਚਰਨਾਂਮ੍ਰਿਤ ਅਤੇ ਛੋਟੇ ਜਿਹੇ ਲਿਫਾਫੇ ਵਿੱਚ ਮਿਸਰੀ ਦਾ ਪ੍ਰਸ਼ਾਦ ਦੇ ਰਿਹਾ ਸੀ। ਭਗਵਾਨ ਰਾਮ ਨੂੰ ਯਾਦ ਕਰਕੇ ਨਮਸਕਾਰ ਕੀਤੀ ਅਤੇ ਇੱਕ ਲੋਹੇ ਦੇ ਪਿੰਜਰੇ ਦੀ ਤਰ੍ਹਾਂ ਬਣੀ ਸੁਰੰਗ ਵਿੱਚੋਂ ਦੀ ਹੁੰਦੇ ਹੋਏ ਅਸੀਂ ਸ੍ਰੀ ਸਤਿਗੁਰੂ ਜੀ ਨਾਲ ਬਾਹਰ ਆਏ ਗੱਡੀਆਂ ਵਿੱਚ ਸਵਾਰ ਹੋ ਕੇ ਵਾਪਸ ਲਖਨਊ ਲਈ ਸੜਕੀ ਰਸਤਾ ਫੜਿਆ।

ਰਾਤ 9 ਵਜੇ ਸੰਤ ਚਰਨਜੀਤ ਸਿੰਘ ਦੇ ਘਰ ਇਲਾਕਾ ਆਮ ਬਾਗ ਜਿੱਥੇ ਸ੍ਰੀ ਸਤਿਗੁਰੂ ਜੀ ਦਾ ਡੇਰਾ ਸੀ, ਆਣ ਜਲ ਪਾਣੀ ਛਕ ਬਿਸਰਾਮ ਕੀਤਾ। 27 ਜੂਨ 2018 ਮੁਤਾਬਿਕ 13 ਹਾੜ੍ਹ 2075 ਦਿਨ ਬੁੱਧਵਾਰ ਸਵੇਰੇ ਆਸਾ ਦੀ ਵਾਰ ਦਾ ਪਾਠ ਰਾਗੀ ਸ਼ਾਮ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਵਾਪਸੀ ਲਈ ਗੱਡੀਆਂ ਤਿਆਰ ਸਨ। ਸ. ਚਰਨਜੀਤ ਸਿੰਘ ਦੇ ਗ੍ਰਹਿ ਤੋਂ ਹੀ ਸਵੇਰੇ 4.35 ਤੇ ਸ੍ਰੀ ਸਤਿਗੁਰੂ ਜੀ ਅਤੇ ਸਿੱਖ ਸੇਵਕ ਲਖਨਊ ਹਵਾਈ ਅੱਡੇ ਤੇ ਪਹੁੰਚੇ। ਇੱਥੇ ਹੀ ਸ੍ਰੀ ਸਤਿਗੁਰੂ ਜੀ ਜਹਾਜ਼ ਰਾਹੀ ਬੰਗਲੌਰ ਲਈ ਰਵਾਨਾ ਹੋਏ।

**-ਸੂਬਾ ਬਲਵਿੰਦਰ ਸਿੰਘ ਝੱਲ**

## His Holiness Sri Satguru Uday Singh ji's visit to Thailand

His Holiness Sri Satguru Uday Singh ji visited Bangkok on 24th June 2018 through Jet Airways, landed around 4:55 AM at Bangkok Suvarnabhumi Airport. Accepting his sikh's request to bless his disciples residing there, His Holiness, blessed his holy presence during the bhog ceremony of Mata Beant Kaur Ji Gorowara w/o S. Mahinder Singh Ji Gorowara (Preet Ji). Accompanying Sri Satguru Ji was Mata Gursharan Kaur Ji, Ragi Balwant Singh ji with family, Ragi Harpreet Singh ji (Sonu). Sant Jagtar Singh Ji, Biba Sahib Kaur Ji, Jai Singh Ji, Manav Singh Ji and Baldev Singh Kaku Ji were also here toattend the ceremony. As soon as Sri Satguru Ji reached dera, S. Mehtab Singh Gambhir Ji's house, he blessed sangat with his holy presence during Asa di Var performed by Ragi Balwant Singh ji and Ragi Harpreet Singh ji (Sonu). During day time, 9 AM – 12 noon, His Holiness blessed Bangkok sangat during a congregation held on the occasion of Nimani Ekadashi at Namdhari Gurdwara (Asoke), performed by Ragi Balwant Singh and Ragi Harpreet Singh (Sonu). The day marks Sri Satguru Hari Singh ji's bhog day and Sri Satguru Partap Singh ji's Dastar Bandi diwas. Thereafter, Sri Satguru Ji visited his beloved Sikhs, S. Narain Singh Narula ji at his residence and Mata Rajinderpal Kaur ji w/o S. Suramrit Singh Chawla Ji at Samitivej hospital and blessed them. Continuing his worldly duties to bless his creations, His Holiness reached Preet ji's house to express his condolence to the family for the death of Mata Beant Kaur Ji. (Sri Mata Beant Kaur Ji had dedicated whole of her life serving Sri Satguru Jagjit Singh ji and the Guru parivar.) Sri Satguru Uday Singh ji encouraged the family to have faith on Sri Satguru Jagjit Singh Ji and to accept the almighty's will (Razaa) by explaining them "ਪਾਨੀ ਕਿਆ ਤੇਰਾ ਕਿਆ ਮੇਰਾ" The same was sung by Ragi Balwant Singh ji during the bhog ceremony, same day evening between 6-8 PM at Namdhari Gurdwara (Asoke). His Holiness also expressed his concern to the sangat through his updesh, "Accept the real truth by leading life under the Sikhi's code of conduct. Materialistic life will not help you reach the Almighty, in fact, the human form is blessed to you to earn it i.e. to reach the Almighty. O human, death is the truth, don't get indulged with the materials, instead, Sikhi should be your priority." The ceremony ended with the ardas done by Ragi Balwant Singh ji. The next morning, 25th June 2018, Sri Satguru ji blessed sangat with his holy presence during the Asa di Var at dere Pakamas, S. Mehtab Singh Ji's house. Thereafter, Sri Satguru ji and Mata ji left for India through Jet Airways at 8:45 AM from Bangkok Suvarnbhumi Airport.

**Warm Regards**

**Nihal Kaur (Niti) Bangkok, Thailand**


## ਗੁਰਮੁਖੀ-ਹਿੰਦਸੇ

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 0 |
| ੧ | ੨ | ੩ | ੪ | ੫ | ੬ | ੭ | ੮ | ੯ | ੦ |

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਜੀ ਅਯੁੱਧਿਆ ਵਿਖੇ ਗੁਰਦੁਆਰਾ ਸ੍ਰੀ ਬ੍ਰਹਮ ਕੁੰਡ ਦਰਸ਼ਨ ਕਰਦੇ ਹੋਏ ਅਤੇ
ਹੈੱਡ ਗ੍ਰੰਥੀ ਗਿਆਨੀ ਗੁਰਜੀਤ ਸਿੰਘ ਸ੍ਰੀ ਸਤਿਗੁਰੂ ਜੀ ਨੂੰ ਸਤਿਕਾਰ ਭੇਟ ਕਰਦੇ ਜੋਏ (ਰਿਪੋਰਟ ਪੰਨਾ 37 ’ਤੇ)



ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ’ਚ ਦਰਸ਼ਨ ਦਿੰਦੇ ਹੋਏ ਅਤੇ ਦਸਤਾਰ ਸਜਾਉਂਦੇ ਹੋਏ



ਅਯੁੱਧਿਆ ਵਿਖੇ ਸ੍ਰੀ ਮਹੰਤ ਨਿਤਿਆ ਗੋਪਾਲ ਦਾਸ ਜੀ ਦੇ ਸਮਾਗਮ ਵਿੱਚ ਸਾਧੂ ਮਹਾਤਮਾ
ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹੋਏ

Date of Publication: 11-07-2018,
Date of Posting: 12-13 July 2018

RNI NO. 55658/93 Delhi Postal Regd. No. DL(W) 01/2055/18-20

ਸਿਰ ਜਾਵੇ ਤਾਂ ਜਾਵੇ। ਮੇਰਾ ਸਿੱਖੀ ਸਿਦਕ ਨਾ ਜਾਵੇ॥



ਦਸਮ ਗੁਰੂ ਕੇ ਪੁਰਿ ਮੈ ਵਾਸਜੋ,ਗੁਰੁ-ਸੁਤ ਥੇ ਜਿਸ ਠੌਰੈਂ।
ਡੇਉਢੀਦਾਰ ਬਨਜੋ ਤਿਨ ਕੇਰਾ,ਦਰਜਾ ਪਾਯੋ ਗੌਰੈਂ।
ਮਨੀ ਸਿੰਘ ਥਾ ਦਹਿਨੇਂ ਪਾਸੇ, ਤਾਰੂ ਸਿੰਘ ਭੌ ਬਾਏਂ।
ਇਜੈ ਬਿਜੈ ਕੀ ਪਦਵੀ ਪਾਈ, ਮਨ ਬਾਂਛਿਤ ਫਲੁ ਪਾਏ।

Printed and Published by Mr. Harvendra Singh Hanspal on behalf of Namdhari Darbar.Printed at Summit advertising press, 2DLF (Part), Moti Nagar, New Delhi and Published from Namdhari Gurdwara, ramesh Nagar,